


ਡੋਜ਼ੀਅਰ ਨੰਬਰ 85
ਟ੍ਰਾਈਕੌਂਟੀਨੈਂਟਲ: ਇੰਸਟੀਚਿਊਟ ਫਾਰ ਸੋਸ਼ਲ ਰਿਸਰਚ
ਫਰਵਰੀ 2025

ਇਸ ਡੋਜ਼ੀਅਰ ਵਿੱਚ ਸ਼ਾਮਲ ਚਿੱਤਰ ਰੈੱਡ ਬੁੱਕਸ ਡੇ 2025 ਵਾਸਤੇ ਜਾਰੀ ਕੀਤੇ ਗਏ ਕੈਲੰਡਰ ਤੋਂ ਲਈਆਂ ਗਈਆਂ ਹਨ। ਇਹ ਬਾਰਾਂ ਚਿੱਤਰ, ਜੋ ਕਿ ਇੰਟਰਨੈਸ਼ਨਲ ਯੂਨੀਅਨ ਆਫ ਲੈਫਟ ਪਬਲਿਸ਼ਰਜ਼ ਦੇ ਸਹਿਯੋਗ ਨਾਲ ਤਿਆਰ ਕੀਤੇ ਗਏ ਹਨ, ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਆਈਆਂ ਇਨਕਲਾਬੀ ਕਿਤਾਬਾਂ ਤੋਂ ਪ੍ਰੇਰਿਤ ਹਨ। ਰੈੱਡ ਬੁੱਕਸ ਡੇ ਇਨਕਲਾਬੀ ਕਿਤਾਬਾਂ, ਉਨ੍ਹਾਂ ਦੇ ਲੇਖਕਾਂ ਅਤੇ ਜਨਤਕ ਲਹਿਰਾਂ ਦਾ ਜਸ਼ਨ ਮਨਾਉਣ ਦਾ ਦਿਨ ਹੈ, ਜਿਸਨੂੰ ਅਸੀਂ 21 ਫਰਵਰੀ ਨੂੰ ਮਨਾਉਂਦੇ ਹਾਂ, ਕਿਉਂਕਿ ਇਸ ਦਿਨ 1848 ਵਿੱਚ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਕਮਿਊਨਿਸਟ ਮੈਨੀਫੈਸਟੋ ਪ੍ਰਕਾਸ਼ਤ ਕੀਤਾ ਸੀ। ਇਸ ਜਸ਼ਨ ਦੇ ਨਾਲ ਅਸੀਂ ਦੁਨੀਆ ਨੂੰ ਦੱਸਣਾ ਚਾਹੁੰਦੇ ਹਾਂ ਕਿ ਪੜ੍ਹਨਾ ਇੱਕ ਬਿਹਤਰ ਇਨਸਾਨ ਬਣਨਾ ਹੈ।

## ਕਵਰ

ਕਵਰ ਚਿੱਤਰ: ਕੇਲ ਓਬੈਲੋ (ਵੈਨੇਜ਼ੁਏਲਾ/ਯੂਟੋਪਿਕਸ)

# ਪੜ੍ਹਨਾ, ਇੱਕ ਬਿਹਤਰ ਇਨਸਾਨ ਬਣਨਾ ਹੈ


ਡੋਜ਼ੀਅਰ ਨੰਬਰ 85 | ਟ੍ਰਾਈਕੌਂਟੀਨੈਂਟਲ: ਇੰਸਟੀਚਿਊਟ ਫਾਰ ਸੋਸ਼ਲ ਰਿਸਰਚ

> ਸਾਰਾ ਰੂਸ ਪੜ੍ਹਨਾ ਸਿੱਖ ਰਿਹਾ ਸੀ ਅਤੇ ਪੜ੍ਹ ਰਿਹਾ ਸੀ - ਰਾਜਨੀਤੀ, ਅਰਥ-ਸ਼ਾਸਤਰ, ਇਤਿਹਾਸ - ਕਿਉਂਕਿ ਲੋਕ ਜਾਣਨਾ ਚਾਹੁੰਦੇ ਸਨ... ਹਰ ਸ਼ਹਿਰ ਵਿੱਚ, ਜ਼ਿਆਦਾਤਰ ਕਸਬਿਆਂ ਵਿੱਚ, ਮੋਰਚੇ ਤੇ ਅੱਗੇ ਵਧਦੇ ਹੋਏ, ਹਰ ਰਾਜਨੀਤਿਕ ਸੰਗਠਨ ਦਾ ਆਪਣਾ ਅਖਬਾਰ ਸੀ - [ਅਤੇ] ਕੁਝ ਥਾਵਾਂ 'ਤੇ ਇੱਕ ਤੋਂ ਵੱਧ। ਹਜ਼ਾਰਾਂ ਸੰਗਠਨਾਂ ਦੁਆਰਾ ਲੱਖਾਂ ਪੈਂਫਲੇਟ ਵੰਡੇ ਜਾ ਰਹੇ ਸਨ, ਜੋ ਇਨਕਲਾ-ਬੀ ਫੌਜਾਂ ਤੋਂ ਲੈ ਕੇ ਪਿੰਡਾਂ, ਫੈਕਟਰੀਆਂ ਅਤੇ ਗਲੀਆਂ ਤੱਕ ਪਹੁੰਚ ਰਹੇ ਸਨ। ਸਿੱਖਿਆ ਦੀ ਭੁੱਖ, ਜੋ ਲੰਬੇ ਸਮੇਂ ਤੋਂ ਦਬਾਈ ਗਈ ਸੀ, ਇਨਕਲਾਬ ਦੇ ਨਾਲ ਪ੍ਰਗਟਾਵੇ ਦੇ ਜਨੂੰਨ ਵਿੱਚ ਬਦਲ ਗਈ। ਪਹਿਲੇ ਛੇ ਮਹੀਨਿਆਂ ਦੇ ਅੰਦਰ, ਕੱਲਾ ਸਮੋਲਨੀ ਇੰਸਟੀਚਿਊਟ ਹਰ ਰੋਜ਼ ਹਜ਼ਾਰਾਂ ਕਿੱਲੋ ਸਾਹਿਤ ਤਿਆਰ ਕਰ ਰਿਹਾ ਸੀ, ਜਿਸਨੂੰ ਕਾਰਾਂ ਅਤੇ ਰੇਲਗੱਡੀਆਂ ਵਿੱਚ ਲੱਦਿਆ ਜਾਂਦਾ ਸੀ ਅਤੇ ਦੇਸ਼ ਭਰ ਵਿੱਚ ਲਿਜਾਇਆ ਜਾਂਦਾ ਸੀ। ਰੂਸ ਪੜ੍ਹਨ ਵਾਲੀ ਸਮੱਗਰੀ ਨੂੰ ਇਸ ਤਰ੍ਹਾਂ ਪੀ ਰਿਹਾ ਸੀ ਜਿਵੇਂ ਤੱਤੀ ਰੇਤ ਪਾਣੀ ਪੀ ਜਾਂਦੀ ਹੈ। ਲੋਕ ਦੰਦ ਕਥਾਵਾਂ, ਝੂਠੇ ਇਤਿਹਾਸ, ਸਸਤੇ ਧਾਰਮਿਕ ਵਿਆਖਿਆਵਾਂ ਜਾਂ ਭ੍ਰਿਸ਼ਟ ਗੰਦਗੀ ਭਰੀਆਂ ਕਹਾਣੀਆਂ ਨਹੀਂ ਪੜ੍ਹ ਰਹੇ ਸਨ - ਉਹ ਸਮਾਜਿਕ ਅਤੇ ਆਰਥਿਕ ਸਿਧਾਂਤ, ਦਰਸ਼ਨ, ਟਾਲਸਟਾਏ, ਗੋਗੋਲ ਅਤੇ ਗੋਰਕੀ ਦੀਆਂ ਰਚਨਾਵਾਂ ਪੜ੍ਹ ਰਹੇ ਸਨ...
>
> -ਜੌਨ ਰੀਡ, Ten Days that Shook the World (ਦੁਨੀਆ ਹਿਲਾ ਦੇਣ ਵਾਲੇ ਦਸ ਦਿਨ), 1919[1]

ਆਮ ਮਿਹਨਤਕਸ਼ ਲੋਕਾਂ ਦੇ ਇਨਕਲਾਬਾਂ ਨੇ ਸਮਾਜ ਦੀਆਂ ਬੇੜੀਆਂ ਤੋੜਨ ਅਤੇ ਇੱਕ ਨਵੀਂ ਦੁਨੀਆਂ ਦੀ ਸਿਰਜਣਾ 'ਤੇ ਜ਼ੋਰ ਦਿੱਤਾ। ਹਰ ਅਜਿਹੀ ਕ੍ਰਾਂਤੀ, ਭਾਵੇਂ ਸਿੱਧੇ ਤੌਰ 'ਤੇ ਸਮਾ-ਜਵਾਦੀ ਹੋਵੇ ਜਾਂ ਰਾਸ਼ਟਰੀ ਮੁਕਤੀ ਤੋਂ ਪ੍ਰੇਰਿਤ, ਸਮਾਜ ਦੇ ਪੁਰਾਣੇ ਤਰੀਕਿਆਂ ਨੂੰ ਆਪਸੀ ਸਦਭਾਵਨਾ 'ਤੇ ਅਧਾਰਤ ਇੱਕ ਨਵੇਂ ਸਮਾਨਤਾਵਾਦੀ ਸਮਾਜ ਨਾਲ ਬਦਲਣ ਦੀ ਇੱਛਾ ਨੂੰ ਦਰਸਾਉਂਦੀ ਹੈ। ਵੀਹਵੀਂ ਸਦੀ ਦੇ ਜ਼ਿਆਦਾਤਰ ਇਨਕਲਾਬ (ਮੈਕਸੀਕੋ, 1910; ਚੀਨ, 1911; ਈਰਾਨ, 1905-1911; ਰੂਸ ਅਤੇ ਮੱਧ ਏਸ਼ੀਆ, 1917) ਕਿਸਾਨਾਂ ਅਤੇ ਮਜ਼ਦੂਰਾਂ ਦੁਆਰਾ ਅਗਵਾਈ ਕੀਤੇ ਗਏ ਸਨ, ਇਸ ਲਈ ਜ਼ਿਮੀਂਦਾਰੀ ਦੇ ਸਖ਼ਤ ਢਾਂਚੇ ਨੂੰ ਬਦਲਣ ਦਾ ਸਵਾਲ ਅਕਸਰ ਕੇਂਦਰ ਵਿੱਚ ਜਾਪਦਾ ਸੀ। ਜ਼ਿਮੀਂਦਾਰਾਂ ਦੀ ਸ਼ਕਤੀ ਨੂੰ ਜੜ੍ਹੋਂ ਪੁੱਟ ਦੇਣ ਲਈ ਸਿਰਫ਼ ਵਾਧੂ ਜ਼ਮੀਨ ਦੀ ਵੰਡ ਵਰਗੇ ਭੂਮੀ ਸੁਧਾਰ ਉਪਾਅ ਕਰਨਾ ਕਾਫ਼ੀ ਨਹੀਂ ਸੀ; ਜ਼ਿਮੀਂਦਾਰਾਂ ਦੀ ਸ਼ਕਤੀ ਇੱਕ ਸਮਾਜਿਕ ਢਾਂਚੇ ਵਿੱਚ ਜੜ੍ਹੀ ਹੋਈ ਸੀ ਜਿਸਨੂੰ ਰੱਬ ਦੇ ਕਾਨੂੰਨ ਵਾਂਗ ਮੰਨਿਆ ਜਾਂਦਾ ਸੀ। ਕਿਸਾਨਾਂ ਤੇ ਜ਼ਮੀਨੀ ਰਿਕਾਰਡਾਂ, ਵਹੀ-ਖਾਤਿਆਂ ਅਤੇ ਸ਼ਾਹੂਕਾਰਾਂ ਅਤੇ ਪੁਜਾਰੀਆਂ ਦੇ ਦਸਤਾਵੇਜ਼ਾਂ ਵਿੱਚ ਦਰਜ, ਸਮਝੋਂ ਬਾਹਰ ਲਿਖਤਾਂ ਰਾਹੀਂ ਜ਼ੁਲਮ ਕੀਤਾ ਜਾਂਦਾ ਸੀ। ਕਿਸਾਨਾਂ ਨੂੰ ਪੜ੍ਹਨ ਦੀ ਯੋਗਤਾ ਤੋਂ ਵਾਂਝਾ ਕਰਕੇ ਉਨ੍ਹਾਂ ਨੂੰ ਮੁੱਢੋਂ ਕਮਜ਼ੋਰ ਕੀਤਾ ਗਿਆ। ਪਰ ਦੁਨੀਆ ਦੇ ਵੱਖ-ਵੱਖ ਪਛੜੇ ਖੇਤਰਾਂ ਵਿੱਚ ਹੋਈਆਂ ਕ੍ਰਾਂਤੀਆਂ ਇਸ ਗੱਲ ਦੀਆਂ ਗਵਾਹ ਹਨ ਕਿ ਕਿਸਾਨਾਂ ਨੇ ਇਸ ਤਾਕਤ ਨੂੰ ਪ੍ਰਾਪਤ ਕਰਕੇ ਸਮਾਜ ਵਿੱਚ ਬਦਲਾਅ ਲਿਆਂਦਾ।

ਉਨ੍ਹੀਵੀਂ ਸਦੀ ਵਿੱਚ ਇਹਨਾਂ ਦੇਸ਼ਾਂ ’ਚ ਪ੍ਰਚਲਤ ਬੁਰਜੂਆ ਸੱਭਿਆਚਾਰ ਵਿੱਚ, ਸਾਖਰਤਾ ਵਿਅਕਤੀ ਦੇ ਵਰਗੀ ਸਰੋਕਾਰ ਨਾਲ ਜੁੜੀ ਹੋਇ ਸੀ। ਭਾਵੇਂ ਵਪਾਰਕ ਪ੍ਰਕਾਸ਼ਨ ਦੇ ਆਉਣ ਨਾਲ ਕਿਤਾਬਾਂ ਅਤੇ ਅਖ਼ਬਾਰਾਂ ਦੀ ਉਪਲਬਧਤਾ ਵਧੀ, ਪਰ ਇਹ ਮੁੱਖ ਤੌਰ 'ਤੇ ਬੁਰਜੂਆ ਵਰਗ ਅਤੇ - ਕੁਝ ਮਾਮਲਿਆਂ ਵਿੱਚ - ਪੈਟੀ ਬੁਰਜੂਆ ਵਰਗ ਦੁਆਰਾ ਪੜ੍ਹੀਆਂ ਜਾਂਦੀਆਂ ਸਨ। ਮੈਕਸੀਕੋ ਵਿੱਚ, ਰਾਸ਼ਟਰਪਤੀ ਬੇਨੀਟੋ ਜੁਆਰੇਜ਼ (1858-1872) ਨੇ ਸਕੂਲੀ ਸਿੱਖਿਆ ਅਤੇ ਪ੍ਰਕਾਸ਼ਨ ਉਦਯੋਗ ਦਾ ਵਿਸਥਾਰ ਕੀਤਾ, ਪਰ ਇੱਕ ਅਖ਼ਬਾਰ ਦੀ ਕੀਮਤ ਮਜ਼ਦੂਰਾਂ (ਜਾਂ ਕਿਸਾਨਾਂ) ਦੀ ਔਸਤ ਰੋਜ਼ਾਨਾ ਆਮਦਨ ਤੋਂ ਕਿਤੇ ਵੱਧ ਸੀ।[2] ਮੈਕਸੀਕੋ ਅਤੇ ਰੂਸ ਵਰਗੇ ਦੇਸ਼ਾਂ ਵਿੱਚ, ਅਤੇ ਭਾਰਤ ਅਤੇ ਅਫ਼ਰੀਕੀ ਮਹਾਂਦੀਪ ਵਰਗੀਆਂ ਬਸਤੀਆਂ ਵਿੱਚ, ਜ਼ਿਮੀਂਦਾਰਾਂ ਦੇ ਰਾਜ ਅਧੀਨ, ਮਜ਼ਦੂਰਾਂ ਅਤੇ ਕਿਸਾਨਾਂ ਲਈ ਸਾਖਰ ਬਣਨ ਦੇ ਬਹੁਤ ਘੱਟ ਮੌਕੇ ਸਨ। ਇਨ੍ਹਾਂ ਦੇਸ਼ਾਂ ਵਿੱਚ ਟਰੇਡ ਯੂਨੀਅਨ ਅਤੇ ਕਮਿਊਨਿਸਟ ਲਹਿਰਾਂ ਦੀ ਸ਼ੁਰੂਆਤ ਦੇ ਨਾਲ, ਜਦੋਂ ਉਨ੍ਹਾਂ ਦੇ ਸੰਗਠਨਾਂ ਦੁਆਰਾ ਪ੍ਰਕਾਸ਼ਿਤ ਅਖ਼ਬਾਰਾਂ ਅਤੇ ਪੈਂਫਲੇਟ, ਕਾਰਕੁੰਨਾਂ ਦੁਆਰਾ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਉਪਲਬਧ ਕਰਵਾਏ ਜਾਣ ਲੱਗੇ, ਉਦੋਂ ਹੀ ਉਨ੍ਹਾਂ ਨੇ ਕੁਝ ਪੜ੍ਹਨਾ ਸ਼ੁਰੂ ਕੀਤਾ। ਸਮੂਹਕ ਸਿੱਖਿਆ ਦਾ ਇਹ ਰੂਪ ਸਾਖਰਤਾ ਦਾ ਸ਼ੁਰੂਆਤੀ ਸਾਧਨ ਬਣ ਗਿਆ।

ਇਹ ਡੋਜ਼ੀਅਰ, 'ਪੜ੍ਹਨਾ ਇੱਕ ਬਿਹਤਰ ਇਨਸਾਨ ਬਣਨਾ ਹੈ', ਅਜਿਹੇ ਯਤਨਾਂ ਤੋਂ ਪ੍ਰੇਰਿਤ ਹੈ ਅਤੇ ਮੈਕਸੀਕੋ ਤੋਂ ਭਾਰਤ ਅਤੇ ਚੀਨ ਤੱਕ ਪ੍ਰਸਿੱਧ ਸਾਖਰਤਾ ਮੁਹਿੰਮਾਂ ਦੀਆਂ ਮਿਸਾਲਾਂ ਪੇਸ਼ ਕਰਦਾ ਹੈ। ਡੋਜ਼ੀਅਰ ਦਾ ਅੰਤਮ ਹਿੱਸਾ ਰੈੱਡ ਬੁੱਕਸ ਡੇਅ ਬਾਰੇ ਹੈ। ਇਹ ਪ੍ਰੋਗਰਾਮ ਪਹਿਲਾਂ ਭਾਰਤ ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਹੁਣ ਇਹ ਇੰਟਰਨੈਸ਼ਨਲ ਯੂਨੀਅਨ ਆਫ਼ ਲੈਫਟ ਪਬਲਿਸ਼ਰਜ਼ ਦੀ ਪਹਿਲਕਦਮੀ ਰਾਹੀਂ ਪੂਰੀ ਦੁਨੀਆ ਵਿੱਚ ਆਯੋਜਿਤ ਕੀਤਾ ਜਾਂਦਾ ਹੈ।




ਇਲਸਟਰੇਸ਼ਨ: ਵੈਲੇਨਟੀਨਾ ਐਗੁਏਰੇ (ਵੈਨੇਜ਼ੁਏਲਾ/ਯੂਟੋਪਿਕਸ)

# ਮੈਕਸੀਕੋ ਰੀਡਜ਼

1910 ਦੀ ਮੈਕਸੀਕਨ ਕ੍ਰਾਂਤੀ ਦੇ ਸਮੇਂ, ਦੇਸ਼ ਦੀ 15.1 ਮਿਲੀਅਨ ਆਬਾਦੀ ਵਿੱਚੋਂ ਸਿਰਫ਼ 22% ਲੋਕ ਹੀ ਪੜ੍ਹੇ-ਲਿਖੇ ਸਨ।[3] ਇਸ ਤੋਂ ਬਾਅਦ ਮੈਕਸੀਕੋ ਵਿੱਚ ਇੱਕ ਦਹਾਕੇ ਤੱਕ ਅਸ਼ਾਂਤੀ ਦਾ ਦੌਰ ਚੱਲਿਆ। 1920 ਵਿੱਚ ਅਲਵਾਰੋ ਓਬ੍ਰੇਗਨ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਉਸਨੇ ਸੁਧਾਰ ਦੀ ਇੱਕ ਪ੍ਰਕਿਰਿਆ ਸ਼ੁਰੂ ਕੀਤੀ ਜਿਸ ਵਿੱਚ ਕਈ ਜਨਤਕ ਸੱਭਿ-ਆਚਾਰਕ ਗਤੀਵਿਧੀਆਂ ਸ਼ਾਮਲ ਸਨ, ਜਿਵੇਂ ਕਿ ਪੇਂਡੂ ਸਕੂਲਾਂ ਨੂੰ ਖੋਲ੍ਹਣਾ, ਅਧਿਆਪਕਾਂ ਦੀ ਸਿਖਲਾਈ, ਜਨਤਕ ਲਾਇਬ੍ਰੇਰੀਆਂ ਅਤੇ ਕਲਾ ਸਕੂਲਾਂ ਦੀ ਸਿਰਜਣਾ, ਅਤੇ ਨਵੇਂ ਬਣੇ ਸਾਖ਼ਰ ਲੋਕਾਂ ਲਈ ਪੈਂਫਲੇਟ ਅਤੇ ਕਿਤਾਬਾਂ ਦਾ ਪ੍ਰਕਾਸ਼ਨ। 1921 ਵਿੱਚ, ਜੋਸ ਵਾਸਕੋਨਸੇਲੋਸ ਜਨਤਕ ਸਿੱਖਿਆ ਮੰਤਰਾਲੇ ਦੇ ਪਹਿਲੇ ਸਕੱਤਰ ਬਣੇ ਅਤੇ ਰਾਸ਼ਟਰਪਤੀ ਓਬ੍ਰੇਗਨ ਦੁਆਰਾ ਉਨ੍ਹਾਂ ਨੂੰ ਮੈਕਸੀਕਨ ਸੱਭਿਆਚਾਰ ਦੇ ਲੋਕਤੰਤਰੀਕਰਨ ਦਾ ਕੰਮ ਸੌਂਪਿਆ ਗਿਆ।[4] ਇਸ ਉਦੇਸ਼ ਲਈ, ਸਰਕਾਰ ਨੇ ਹਜ਼ਾਰਾਂ ਪੇਂਡੂ ਸਕੂਲ ਅਤੇ ਅਧਿਆਪਕ ਸਿਖਲਾਈ ਸੰਸਥਾਵਾਂ ਬਣਾਈਆਂ ਅਤੇ ਪੇਂਡੂ ਅਧਿਆਪਕਾਂ ਦੀ ਤਨਖਾਹ ਇੱਕ ਪੇਸੋ ਤੋਂ ਵਧਾ ਕੇ ਤਿੰਨ ਪੇਸੋ ਪ੍ਰਤੀ ਦਿਨ ਕਰ ਦਿੱਤੀ।[5] ਵਾਸਕੋਨਸੇਲੋਸ ਨੇ ਮੁੱਖ ਸਿਖਲਾਈ ਸੰਸਥਾ ਨੂੰ ਚਲਾਉਣ ਦੀ ਜ਼ਿੰਮੇਵਾਰੀ ਮੈਕਸੀਕੋ ਦੀ ਕਮਿਊਨਿਸਟ ਪਾਰਟੀ ਦੀ ਮੈਂਬਰ ਏਲੇਨਾ ਟੋਰੇਸ ਕੁਏਲਰ ਨੂੰ ਦਿੱਤੀ, ਜਿਸਨੇ ਇਸ ਸੱਭਿਆਚਾਰਕ ਮਿਸ਼ਨ ਦਾ ਦੇਸ਼ ਭਰ ਵਿੱਚ ਵਿਸਥਾਰ ਕੀਤਾ ਅਤੇ ਇੱਕ ਦਹਾਕੇ ਦੇ ਅੰਦਰ ਚਾਰ ਹਜ਼ਾਰ ਤੋਂ ਵੱਧ ਅਧਿਆਪਕਾਂ ਨੂੰ ਸਿਖਲਾਈ ਦਿੱਤੀ। ਟੋਰੇਸ ਨੇ 1921 ਵਿੱਚ ਦੇਸ਼ ਭਰ ਦੇ ਹਜ਼ਾਰਾਂ ਬੱਚਿਆਂ ਦੇ ਪੋਸ਼ਣ ਨੂੰ ਯਕੀਨੀ ਬਣਾਉਣ ਲਈ ਇੱਕ ਮੁਫਤ ਸਕੂਲ ਭੋਜਨ ਯੋਜਨਾ ਸ਼ੁਰੂ ਕੀਤੀ।[6]

ਵਾਸਕੋਨਸੇਲੋਸ ਦੀ ਅਗਵਾਈ ਹੇਠ ਜਨਤਕ ਸਿੱਖਿਆ ਮੰਤਰਾਲੇ ਨੇ ਪੇਂਡੂ ਖੇਤਰਾਂ ਵਿੱਚ ਮਿਆਰੀ ਜਨਤਕ ਲਾਇਬ੍ਰੇਰੀਆਂ ਦੇ ਵਿਕਾਸ 'ਤੇ ਜ਼ੋਰ ਦਿੱਤਾ। ਇਸ ਦਿਸ਼ਾ ਵਿੱਚ, ਮੰਤਰਾਲੇ ਨੇ ਲਾਇਬ੍ਰੇਰੀਆਂ ਦੇ ਨਿਰਮਾਣ ਲਈ ਫੰਡ ਵੰਡੇ ਅਤੇ ਪੇਂਡੂ ਲਾਇਬ੍ਰੇਰੀਆਂ ਲਈ ਪੰਜਾਹ ਕਿਤਾਬਾਂ ਦਾ ਸੈੱਟ ਅਤੇ ਸ਼ਹਿਰੀ ਲਾਇਬ੍ਰੇਰੀਆਂ ਲਈ ਹਜ਼ਾਰ ਕਿਤਾਬਾਂ ਦਾ ਸੈੱਟ ਤਿਆਰ ਕੀਤਾ। ਇਹ ਕਿਤਾਬਾਂ ਮੰਤਰਾਲੇ ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ ਅਤੇ ਕਿਸਾਨਾਂ ਤੱਕ ਇਨ੍ਹਾਂ ਦੀ ਪਹੁੰਚ ਵਧਾਉਣ ਅਤੇ ਉਨ੍ਹਾਂ ਦੇ ਸੱਭਿਆਚਾਰਕ ਜੀਵਨ ਅਤੇ ਖੇਤੀ ਨਾਲ ਸਬੰਧਤ ਰੋਜ਼ਾਨਾ ਵਿਹਾਰਕ ਗਿਆਨ ਨੂੰ ਵਧਾਉਣ ਲਈ ਹਰੇਕ ਲਾਇਬ੍ਰੇਰੀ ਵਿੱਚ ਵੰਡੀਆਂ ਗਈਆਂ ਸਨ। ਇਨ੍ਹਾਂ ਸੈੱਟਾਂ ਵਿੱਚ ਸਭ ਤੋਂ ਵਧੀਆ ਗ੍ਰੀਕ ਸਾਹਿਤ ਤੋਂ ਲੈ ਕੇ ਮੈਕਸੀਕੋ ਦੇ ਇਤਿਹਾਸ ਤੱਕ ਅਤੇ ਘਰੇਲੂ ਪ੍ਰਬੰਧਨ ਅਤੇ ਖੇਤੀਬਾੜੀ ਵਿਗਿਆਨ ਬਾਰੇ ਕਿਤਾਬਾਂ ਸ਼ਾਮਲ ਸਨ।[7] ਮੰਤਰਾਲੇ ਨੇ ਅਧਿਆਪਕਾਂ ਲਈ ਇੱਕ ਮੈਗਜ਼ੀਨ, 'ਐਲ ਮੇਸਟ੍ਰੋ' (ਅਧਿਆਪਕ) ਪ੍ਰਕਾਸ਼ਿਤ ਕਰਨਾ ਵੀ ਸ਼ੁਰੂ ਕੀਤਾ। ਇਸ ਮੈਗਜ਼ੀਨ ਵਿੱਚ ਕਿਤਾਬਾਂ ਦੀਆਂ ਸਮੀਖਿਆਵਾਂ ਦੇ ਨਾਲ-ਨਾਲ ਸਿੱਖਿਆ ਦੇ ਖੇਤਰ ਵਿੱਚ ਉੱਭਰ ਰਹੇ ਅਧਿਆਪਨ ਸ਼ੈਲੀਆਂ ਅਤੇ ਨਵੇਂ ਵਿਚਾਰਾਂ ਬਾਰੇ ਜਾਣਕਾਰੀ ਸ਼ਾਮਲ ਸੀ। ਇਸ ਸਰਕਾਰੀ ਪਹਿਲਕਦਮੀ ਤੋਂ ਇਲਾਵਾ, 1934 ਵਿੱਚ


ਸਮਾਜ ਸ਼ਾਸਤਰੀ ਅਤੇ ਅਰਥਸ਼ਾਸਤਰੀ ਡੈਨੀਅਲ ਕੋਸੀਓ ਵਿਲੇਗਾਸ ਨੇ ਨੈਸ਼ਨਲ ਸਕੂਲ ਆਫ਼ ਇਕਨਾਮਿਕਸ (ਜਿਸਨੂੰ ਹੁਣ ਮੈਕਸੀਕੋ ਦੀ ਨੈਸ਼ਨਲ ਆਟੋਨੋਮਸ ਯੂਨੀਵਰਸਿਟੀ ਦੇ ਸਕੂਲ ਆਫ਼ ਇਕਨਾਮਿਕਸ ਵਜੋਂ ਜਾਣਿਆ ਜਾਂਦਾ ਹੈ) ਵਿਖੇ ਆਰਥਿਕ ਸੱਭਿਆਚਾਰ ਫੰਡ ਦੀ ਸਥਾਪਨਾ ਕੀਤੀ। ਇਸਦਾ ਉਦੇਸ਼ ਅਰਥ ਸ਼ਾਸਤਰ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਵੰਡਣਾ ਸੀ। ਪਰ ਬਾਅਦ ਵਿੱਚ ਫੰਡ ਨੇ ਪੂਰੇ ਲਾਤੀਨੀ ਅਮਰੀਕਾ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਬਹੁਤ ਸਾਰੀਆਂ ਕਿਤਾਬਾਂ ਵੰਡੀਆਂ।

ਹੁਣ ਜਿਵੇਂ-ਜਿਵੇਂ ਮੈਕਸੀਕਨ ਇਨਕਲਾਬ ਨੇ ਸੰਸਥਾਗਤ ਰੂਪ ਧਾਰਨ ਕੀਤਾ, ਇਸਦਾ ਜਮਾਤੀ ਚਰਿੱਤਰ ਬਦਲਣਾ ਸ਼ੁਰੂ ਹੋ ਗਿਆ। ਜਿਸ ਨਾਲ ਸੱਭਿਆਚਾਰ ਨੂੰ ਲੋਕਤੰਤਰੀ ਬਣਾਉਣ ਤੋਂ ਧਿਆਨ ਹਟ ਗਿਆ। ਸਾਖਰਤਾ ਦਰ ਵਿੱਚ ਵਾਧਾ ਹੋਇਆ, ਪਰ ਇਹ ਲਗਭਗ 70% 'ਤੇ ਰੁਕ ਗਿਆ। ਸਰਕਾਰ ਦੇ ਵਿਦਿਅਕ ਅਤੇ ਜਨਤਕ ਲਾਇਬ੍ਰੇਰੀ ਸਿਸਟਮ ਸਾਖਰਤਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਪੂਰਾ ਨਹੀਂ ਆ ਰਿਹੇ ਸਨ। ਦੂਜੇ ਪਾਸੇ, ਵਿੱਤੀ ਸੰਕਟ ਵਧ ਰਿਹਾ ਸੀ, ਜੋ 1982 ਵਿੱਚ ਮੈਕਸੀਕਨ ਕਰਜ਼ਾ ਸੰਕਟ ਦੇ ਰੂਪ ਵਿੱਚ ਪ੍ਰਗਟ ਹੋਇਆ। ਇਸ ਲਗਾਤਾਰ ਵਧ ਰਹੇ ਸੰਕਟ ਕਾਰਨ, ਸਿੱਖਿਆ ਅਤੇ ਜਨਤਕ ਲਾਇਬ੍ਰੇਰੀਆਂ ਨੂੰ ਅਣਗੌਲਿ-ਆਂ ਕੀਤਾ ਜਾ ਰਿਹਾ ਸੀ। ਮੈਕਸੀਕੋ ਦੇ ਨੀਤੀ ਨਿਰਮਾਤਾ ਨਵਉਦਾਰਵਾਦ ਦੀਆਂ ਆਦਤਾਂ ਦੇ ਅਨੁਕੂਲ ਹੋ ਰਹੇ ਸਨ, ਅਤੇ ਸਮਾਜ ਦੇ ਅੰਦਰ ਪ੍ਰਗਤੀਸ਼ੀਲ ਧਾਰਾਵਾਂ ਸਾਖਰਤਾ ਦੀ ਅਣਦੇਖੀ ਨੂੰ ਉਲਟਾਉਣ ਲਈ ਸੰਘਰਸ਼ ਕਰ ਰਹੀਆਂ ਸਨ। 1986 ਵਿੱਚ ਲਾਇਬ੍ਰੇਰੀਆਂ ਦੇ ਡਾਇਰੈਕਟੋਰੇਟ ਜਨਰਲ ਨੇ ‘ਲਾਇਬ੍ਰੇਰੀ ਵਿੱਚ ਮੇਰੀਆਂ ਗਰਮੀਆਂ ਦੀਆਂ ਛੁੱਟੀਆਂ' (ਮਿਸ ਵੈਕੇਸ਼ਨਜ਼ ਐਨ ਲਾ ਬਿਬਲੀਓਟੇਕਾ) ਨਾਮਕ ਇੱਕ ਪ੍ਰੋਗਰਾਮ ਸ਼ੁਰੂ ਕੀਤਾ। ਇਸ ਪ੍ਰੋਗਰਾਮ ਰਾਹੀਂ, ਦਸ ਲੱਖ ਬੱਚਿਆਂ ਅਤੇ ਨੌਜਵਾਨਾਂ ਨੇ ਜਨਤਕ ਲਾਇਬ੍ਰੇਰੀਆਂ ਦੁਆਰਾ ਆਯੋਜਿਤ ਵੱਖ-ਵੱਖ ਸਮਾਜਿਕ ਗਤੀਵਿਧੀਆਂ ਵਿੱਚ ਹਿੱਸਾ ਲਿਆ।[8] ਮੈਕਸੀਕੋ ਦੀ ਲਾਇਬ੍ਰੇਰੀ ਪ੍ਰਣਾਲੀ ਨੇ ਪ੍ਰੋਗਰਾਮ ਨੂੰ ਅੱਗੇ ਵਧਾਇਆ ਅਤੇ ਸੱਭਿਆਚਾਰ, ਸੰਗੀਤ ਅਤੇ ਕਹਾਣੀ ਸੁਣਾਉਣ ਦੇ ਕਈ ਤਿਉਹਾਰਾਂ ਦਾ ਆਯੋਜਨ ਕੀਤਾ। 1993 ਵਿੱਚ ਪਾਠਕ੍ਰਮ ਵਿੱਚ ਤਬਦੀਲੀਆਂ ਰਾਹੀਂ ਲਾਗੂ ਕੀਤੇ ਗਏ ਵਿਦਿਅਕ ਸੁਧਾਰਾਂ ਦੇ ਮੱਦੇਨਜ਼ਰ, 1995 ਵਿੱਚ ਜਨਤਕ ਸਿੱਖਿਆ ਮੰਤਰਾਲੇ ਨੇ ‘ਰਾਸ਼ਟਰੀ ਪੜ੍ਹਨ ਪ੍ਰੋਗਰਾਮ’ (ਪ੍ਰੋਗਰਾਮਾ ਨੈਸ਼ਨਲ ਪੈਰਾ ਲਾ ਲੈਕਚੁਰਾ) ਸ਼ੁਰੂ ਕੀਤਾ। 2000 ਵਿੱਚ, ਇਸਦਾ ਨਾਮ ਬਦਲ ਕੇ 'ਪਾਠਕਾਂ ਦਾ ਦੇਸ਼ ਬਣਾਉਣ ਲਈ ਮੁਹਿੰਮ' (ਹਾਸਿਆ ਉਨ ਪਾਇਸ ਦੇ ਲੇਕਚੁਰੇਜ਼) ਕਰ ਦਿੱਤਾ ਗਿਆ। ਇਸ ਪ੍ਰੋਗਰਾਮ ਦੀ ਇੱਕ ਖਾਸ ਗੱਲ ਇਹ ਸੀ ਕਿ ਹਰ ਸਾਲ ਦੇਸ਼ ਭਰ ਦੀਆਂ ਸਕੂਲ ਲਾਇਬ੍ਰੇਰੀਆਂ ਵਾਸਤੇ 75 ਕਿਤਾਬਾਂ ਚੁਣੀਆਂ, ਪ੍ਰਕਾਸ਼ਿਤ ਕੀਤੀਆਂ ਅਤੇ ਵੰਡੀਆਂ ਜਾਂਦੀਆਂ ਸਨ।

2008 ਵਿੱਚ, ਮੈਕਸੀਕੋ ਦੇ ਨੈਸ਼ਨਲ ਰੀਡਿੰਗ ਐਂਡ ਬੁੱਕ ਪ੍ਰਮੋਸ਼ਨ ਪ੍ਰੋਗਰਾਮ (ਪ੍ਰੋਗਰਾਮਾ ਡੀ ਫੋਮੈਂਟੋ ਪੈਰਾ ਐਲ ਲਿਬਰੋ ਵਾਈ ਲਾ ਲੈਕਚੁਰਾ) ਨੇ ਸਮਾਜਿਕ ਅਸਮਾਨਤਾਵਾਂ ਨੂੰ ਘਟਾਉਣ ਅਤੇ ਗਿਆਨ ਤੱਕ ਪਹੁੰਚ ਵਧਾਉਣ ਲਈ ਸਾਖਰਤਾ ਨੂੰ ਇੱਕ ਸਾਧਨ ਵਜੋਂ ਵਰਤਣ ਦੇ ਉਦੇਸ਼ ਨਾਲ ਮੈਕਸੀਕੋ ਰੀਡਜ਼ (ਮੈਕਸੀਕੋ ਲੀ) ਪ੍ਰੋਜੈਕਟ ਦੀ ਸਥਾਪਨਾ ਕੀਤੀ। ਇਹ ਪ੍ਰੋ-

ਜੈਕਟ ਮੈਕਸੀਕੋ ਦੇ ਆਪਣੇ ਸਾਖਰਤਾ ਮੁਹਿੰਮਾਂ ਦੇ ਇਤਿਹਾਸ ਅਤੇ ਕਿਊਬਨ ਇਨਕਲਾਬ ਦੇ 'ਬਾਲਗ ਸਾਖਰਤਾ' ਪਾਠਕ੍ਰਮ "ਯੋ, ਸੀ ਪੁਏਡੋ (ਹਾਂ, ਮੈਂ ਕਰ ਸਕਦਾ ਹਾਂ)" ਤੋਂ ਪ੍ਰੇਰਿਤ ਸੀ। "ਯੋ, ਸੀ ਪੁਏਡੋ" ਪਾਠਕ੍ਰਮ 2001 ਵਿੱਚ ਕਿਊਬਾ ਵਿੱਚ 1961 ਦੇ ਸਾਖਰਤਾ ਪ੍ਰੋਗਰਾਮ ਦੇ ਪਾਠਾਂ ਦੇ ਆਧਾਰ 'ਤੇ ਵਿਕਸਤ ਕੀਤਾ ਗਿਆ ਸੀ ਅਤੇ ਇਹ ਪੂਰੇ ਲਾਤੀਨੀ ਅਮਰੀਕਾ ਵਿੱਚ ਸਾਖਰਤਾ ਮੁਹਿੰਮਾਂ ਵਿੱਚ ਪ੍ਰਭਾਵਸ਼ਾਲੀ ਰਿਹਾ ਹੈ। 2009 ਵਿੱਚ, ਮੈਕਸੀਕੋ ਦੇ ਆਰਥਿਕ ਸੱਭਿਆਚਾਰ ਫੰਡ ਦੇ ਉਸ ਸਮੇਂ ਦੇ ਨਿਰਦੇਸ਼ਕ, ਪਾਕੋ ਇਗਨਾਸੀਓ ਤਾਇਬੋ II, ਅਤੇ ਲੇਖਕ ਪਾਲੋਮਾ ਸਾਈਜ਼ ਤੇਜੇਰੋ ਨੇ ਇੱਕ ਬ੍ਰਿਗੇਡ (ਬ੍ਰਿਗਾਡਾ ਪੈਰਾ ਲੀਅਰ ਐਨ ਲਿਬਰਟਾਡ) ਦੀ ਸਥਾਪਨਾ ਕੀਤੀ। ਇਸ ਬ੍ਰਿਗੇਡ ਦਾ ਉਦੇਸ਼ ਅਜਿਹੀਆਂ ਕਿਤਾਬਾਂ ਪ੍ਰਕਾਸ਼ਿਤ ਕਰਨਾ ਸੀ ਜਿਨ੍ਹਾਂ ਨੂੰ ਜਨਤਾ ਮੁਫ਼ਤ ਵਿੱਚ ਡਾਊਨਲੋਡ ਕਰ ਸਕੇ ਜਾਂ ਕਿਤਾਬ ਮੇਲਿਆਂ ਅਤੇ ਸੱਭਿਆ-ਚਾਰਕ ਮੇਲਿਆਂ ਤੋਂ ਮੁਫ਼ਤ ਲੈ ਸਕੇ। ਬ੍ਰਿਗੇਡ ਦਾ ਮਿਸ਼ਨ ਸਾਰਿਆਂ ਤੱਕ ਪੜ੍ਹਨ ਦੀ ਖੁਸ਼ੀ ਫੈਲਾਉਣਾ ਹੈ। ਪਾਲੋਮਾ ਸੇਜ਼ ਤੇਜੇਰੋ ਇਸ ਬਾਰੇ ਕਹਿੰਦੀ ਹੈ:

> ਪੜ੍ਹਨ ਨਾਲ ਨਵੇਂ ਸੁਪਨੇ ਅਤੇ ਗਿਆਨ ਦੇ ਨਵੇਂ ਸਰੋਤ ਖੁੱਲ੍ਹਦੇ ਹਨ ਜੋ ਆਮ ਤੌਰ 'ਤੇ ਪਹਿਲਾਂ ਨਹੀਂ ਹੁੰਦੇ; ਪੜ੍ਹਨਾ ਤੁਹਾਡੇ ਵਿੱਚ ਇੱਕ ਆਲੋਚਨਾਤਮਕ ਰਵੱਈਆ ਵਿਕਸਤ ਕਰਦਾ ਹੈ ਅਤੇ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਹਰ ਰੋਜ਼ ਆਪਣੇ ਆਪ ਨੂੰ ਬਚਾਉਣ ਲਈ ਹਥਿਆਰ ਦਿੰਦਾ ਹੈ। ਪੜ੍ਹਨਾ ਤੁਹਾਨੂੰ ਪਹਿਲਾਂ ਨਾਲੋਂ ਜ਼ਿਆਦਾ ਸੁੰਦਰ ਜਾਂ ਅਮੀਰ ਨਹੀਂ ਬਣਾਏਗਾ; ਉਹ ਕਿਤਾਬਾਂ ਜੋ ਤੁਹਾਨੂੰ ਦੱਸਦੀਆਂ ਹਨ ਕਿ ਜੇ ਤੁਸੀਂ ਉਨ੍ਹਾਂ ਨੂੰ ਪੜ੍ਹੋਗੇ ਤਾਂ ਅਜਿਹੀਆਂ ਅਜਿਹੀਆਂ ਚੀਜ਼ਾਂ ਵਾਪਰਨਗੀਆਂ, ਉਹ ਸਰਾਸਰ ਝੂਠ ਹਨ, ਉਹ ਨਹੀਂ ਵਾਪਰਦੀਆਂ, ਤੁਸੀਂ ਪਹਿਲਾਂ ਨਾਲੋਂ ਜ਼ਿਆਦਾ ਹੁਸ਼ਿਆਰ ਨਹੀਂ ਬਣੋਗੇ; ਪਰ ਪੜ੍ਹਨਾ ਤੁਹਾਨੂੰ ਇਹ ਫੈਸਲਾ ਕਰਨ ਦੀ ਸਪੱਸ਼ਟਤਾ ਦਿੰਦਾ ਹੈ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ ਅਤੇ ਕੀ ਨਹੀਂ।[9]




ਇਲਸਟ੍ਰੇਸ਼ਨ: ਓਥਮਾਨ ਗ਼ਾਲਮੀ (ਮੋਰੱਕੋ/ਵਰਕਰਜ਼ ਡੈਮੋਕ੍ਰੇਟਿਕ ਵੇ)

# ਕਿਤਾਬਾਂ ਨੇ ਚੀਨੀਆਂ ਨੂੰ ਹਿੰਮਤ ਦਿੱਤੀ

1911 ਵਿੱਚ ਕਿੰਗ ਰਾਜਵੰਸ਼ ਦੇ ਪਤਨ ਤੋਂ ਪਹਿਲਾਂ, ਚੀਨ ਦੀ ਜ਼ਿਆਦਾਤਰ ਆਬਾਦੀ - ਖਾਸ ਕਰਕੇ ਔਰਤਾਂ - ਅਨਪੜ੍ਹ ਸਨ। 1900 ਵਿੱਚ ਅੰਦਾਜ਼ਨ ਸਾਖਰਤਾ ਦਰ ਸਿਰਫ਼ 10-15% ਸੀ।[10] ਕਿੰਗ ਰਾਜਵੰਸ਼ ਤੋਂ ਬਾਅਦ ਵੀ, ਸਮਾਜ ਵਿੱਚ ਫੈਲੀ ਉਥਲ-ਪੁਥਲ ਦੇ ਵਿਚਕਾਰ, ਸਾਖਰਤਾ ਵਿੱਚ ਬਹੁਤਾ ਸੁਧਾਰ ਨਹੀਂ ਹੋਇਆ। ਇਹ ਤਸਵੀਰ 1949 ਦੀ ਚੀਨੀ ਕ੍ਰਾਂਤੀ ਤੋਂ ਬਾਅਦ ਬਦਲ ਗਈ। 1950 ਦੇ ਦਹਾਕੇ ਵਿੱਚ ਹੀ ਸਾਖਰਤਾ ਦਰਾਂ ਵਿੱਚ ਵੱਡਾ ਵਾਧਾ ਦੇਖਣ ਨੂੰ ਮਿਲਿਆ। 1959 ਤੱਕ, 57% ਆਬਾਦੀ ਪੜ੍ਹੀ-ਲਿਖੀ ਹੋ ਗਈ ਸੀ।[11] ਅਤੇ 2021 ਤੱਕ, ਚੀਨ ਵਿੱਚ ਬਾਲਗ ਸਾਖਰਤਾ ਦਰ 97% ਤੱਕ ਵਧ ਗਈ ਹੈ। ਅੱਜ, ਚੀਨ ਇਸ ਅੰਕੜਿਆਂ ਵਿੱਚ ਦੁਨੀਆ ਦੀ ਅਗਵਾਈ ਕਰ ਰਿਹਾ ਹੈ। ਪਿਛਲੇ ਸੱਤ ਦਹਾਕਿਆਂ ਦੌਰਾਨ ਸਾਖਰਤਾ ਵਿੱਚ ਚੀਨ ਦੀ ਤਰੱਕੀ ਨੂੰ "ਮਨੁੱਖੀ ਇਤਿਹਾਸ ਵਿੱਚ ਸ਼ਾਇਦ ਸਭ ਤੋਂ ਵੱਡਾ ਵਿਦਿਅਕ ਯਤਨ" ਦੱਸਿਆ ਗਿਆ ਹੈ।[12]

ਇਹ ਪ੍ਰਾਪਤੀ 1949 ਦੀ ਕ੍ਰਾਂਤੀ ਤੋਂ ਤੁਰੰਤ ਬਾਅਦ ਚੀਨ ਦੀ ਕਮਿਊਨਿਸਟ ਪਾਰਟੀ (CPC) ਦੁਆਰਾ ਲਾਗੂ ਕੀਤੇ ਗਏ ਪ੍ਰੋਜੈਕਟਾਂ ਦਾ ਨਤੀਜਾ ਹੈ। ਇਹ ਪ੍ਰੋਜੈਕਟ ਪਿੰਡਾਂ ਅਤੇ ਬਾਲਗਾਂ ਵਿੱਚ ਸਾਖਰਤਾ ਵਧਾਉਣ ਲਈ ਵੱਖ-ਵੱਖ ਸਾਖਰਤਾ ਮੁਹਿੰਮਾਂ ਤੋਂ ਪ੍ਰੇਰਿਤ ਸਨ, ਜਿਵੇਂ ਕਿ ਦੱਖਣ-ਪੂਰਬੀ ਅਤੇ ਉੱਤਰ-ਮੱਧ ਚੀਨ ਵਿੱਚ ਜਿਆਂਗਸੀ ਸੋਵੀਅਤ (1931-1934) ਅਤੇ ਯਾਨ'ਆਨ ਸੋਵੀਅਤ (1936-1948)। ਇਹ ਮੁਹਿੰਮਾਂ ਸੋਵੀਅਤ ਯੂਨੀਅਨ ਦੇ "ਲਿਕਬੇਜ਼" ਅਤੇ ਹੋਰ ਸਾਖਰਤਾ ਪ੍ਰੋਗਰਾਮਾਂ 'ਤੇ ਅਧਾਰਤ ਸਨ। ਲਿਕਬੇਜ਼ ਇੱਕ ਅਨਪੜ੍ਹਤਾ ਖਾਤਮਾ ਪ੍ਰੋਗਰਾਮ ਸੀ ਜਿਸਨੇ ਬਾਲਗ ਸਾਖਰਤਾ ਪ੍ਰੋਗਰਾਮਾਂ ਨਾਲ ਸਬੰਧਤ ਗਿਆਨ ਅਤੇ ਸਮਝ ਨੂੰ ਵਿਵਸਥਿਤ ਕੀਤਾ ਅਤੇ ਜਿਸਨੇ ਸਾਰੇ ਸੋਵੀਅਤ ਗਣਰਾਜਾਂ ਵਿੱਚ ਸਾਖਰਤਾ ਵਿੱਚ ਮਹੱਤਵ-ਪੂਰਨ ਲਾਭ ਪੈਦਾ ਕੀਤੇ।[13] 1921 ਵਿੱਚ, ਵੀ.ਆਈ. ਲੈਨਿਨ ਨੇ ਆਰਥਿਕ ਨੀਤੀ ਬਾਰੇ ਇੱਕ ਕਾਨਫਰੰਸ ਵਿੱਚ ਐਲਾਨ ਕੀਤਾ ਕਿ ਜੇਕਰ ਅਨਪੜ੍ਹਤਾ ਬਣੀ ਰਹੀ ਤਾਂ ਕੋਈ ਤਰੱਕੀ ਨਹੀਂ ਹੋਵੇਗੀ। ਲੈਨਿਨ ਨੇ ਕਿਹਾ ਸੀ ਕਿ 'ਸਾਖਰਤਾ ਤੋਂ ਬਿਨਾਂ ਕੋਈ ਰਾਜਨੀਤੀ ਨਹੀਂ ਹੋ ਸਕਦੀ; ਇਸ ਤੋਂ ਬਿਨਾਂ, ਸਿਰਫ਼ ਅਫਵਾਹਾਂ, ਗੱਪਾਂ, ਪਰੀ ਕਹਾਣੀਆਂ ਅਤੇ ਪੱਖਪਾਤ ਹੀ ਬਚ ਸਕਦੇ ਹਨ, ਰਾਜਨੀਤੀ ਨਹੀਂ'।[14]

ਭਾਵੇਂ ਇੱਥੇ ਨਵੀਂ ਚੀਨ ਸਾਖਰਤਾ ਮੁਹਿੰਮ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਸੂਚੀਬੱਧ ਕਰਨਾ ਅਸੰਭਵ ਹੈ, ਪਰ ਉਨ੍ਹਾਂ ਵਿੱਚੋਂ ਤਿੰਨ ਬਾਰੇ ਜਾਣਨਾ ਮਹੱਤਵਪੂਰਨ ਹੈ:

1. ਅਨਪੜ੍ਹਤਾ ਨੂੰ ਚੀਨੀ ਭਾਸ਼ਾ ਵਿੱਚ 文盲 ਲਿਖਿਆ ਜਾਂਦਾ ਹੈ, ਜਿਸਦਾ ਅਰਥ ਹੈ 'ਲਿਖਤ ਅੰਨ੍ਹਾ', ਭਾਵ ਲਿਪੀ ਪੜ੍ਹਨ ਵਿੱਚ ਅਸਮਰੱਥ ਹੋਣਾ, ਕਿਉਂਕਿ ਚੀਨੀ ਅੱਖਰਾਂ ਨੂੰ ਜਾਣਨਾ ਇਤਿਹਾਸਕ ਤੌਰ 'ਤੇ ਪੜ੍ਹੇ-ਲਿਖੇ ਮੰਨੇ ਜਾਣ ਲਈ ਇੱਕ

ਪਹਿਲੀ ਸ਼ਰਤ ਰਹੀ ਹੈ। ਚੀਨੀ ਭਾਸ਼ਾ, ਜੋ ਕਿ ਦਸ ਲੱਖ ਤੋਂ ਵੱਧ ਅਜਿਹੇ ਅੱਖਰਾਂ ਦੀ ਬਣੀ ਹੋਈ ਹੈ, ਸਮਾਜ ਵਿੱਚ ਪੂਰੀ ਸਾਖਰਤਾ ਪ੍ਰਾਪਤ ਕਰਨ ਵਿੱਚ ਰੁਕਾਵਟਾਂ ਪੈਦਾ ਕਰਦੀ ਰਹੀ। 1955 ਵਿੱਚ, ਇਨਕਲਾਬੀ ਸਰਕਾਰ ਨੇ ਸਾਖਰਤਾ ਨੂੰ ਸੁਚਾਰੂ ਢੰਗ ਨਾਲ ਉਤਸ਼ਾਹਿਤ ਕਰਨ ਲਈ 'ਚੀਨੀ ਲਿਖਤੀ ਭਾਸ਼ਾ ਸੁਧਾਰ ਕਮੇਟੀ' ਬਣਾਈ। ਇਸ ਦੇ ਤਹਿਤ, ਘੱਟੋ-ਘੱਟ ਸਾਖਰਤਾ ਮਾਪਦੰਡਾਂ ਨੂੰ ਸੋਧਿਆ ਗਿਆ, ਪੇਂਡੂ ਨਿਵਾਸੀਆਂ ਲਈ 1,500 ਅੱਖਰਾਂ ਅਤੇ ਸ਼ਹਿਰੀ ਨਿਵਾਸੀਆਂ ਅਤੇ ਪੇਂਡੂ ਨੇਤਾਵਾਂ ਲਈ 2,000 ਅੱਖਰਾਂ ਦੀ ਸੀਮਾ ਨਿਰਧਾਰਤ ਕੀਤੀ ਗਈ।[15] 1958 ਵਿੱਚ, ਪ੍ਰਾਇਮਰੀ ਸਕੂਲਾਂ ਵਿੱਚ ਪਿਨਯਿਨ ਲਿਪੀ (ਚੀਨੀ ਅੱਖਰਾਂ ਦਾ ਰੋਮਨੀਕਰਨ) ਦੀ ਵਰਤੋਂ ਸ਼ੁਰੂ ਕਰਕੇ ਚੀਨੀ ਅੱਖਰਾਂ ਦੀ ਵਰਤੋਂ ਨੂੰ ਸਰਲ ਬਣਾਇਆ ਗਿਆ।

2. ਮੈਕਸੀਕੋ ਅਤੇ ਰੂਸ ਵਾਂਗ, ਚੀਨੀ ਕ੍ਰਾਂਤੀ ਨੇ ਪੇਂਡੂ ਸਾਖਰਤਾ ਅਤੇ ਬਾਲਗ ਸਾਖਰਤਾ ਦੋਵਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ: ਜੇਕਰ ਮਾਪੇ ਪੜ੍ਹਨ ਅਤੇ ਲਿਖਣ ਵਿੱਚ ਦਿਲਚਸਪੀ ਨਹੀਂ ਰੱਖਦੇ, ਤਾਂ ਬੱਚੇ ਵੀ ਪੜ੍ਹਨ ਦੇ ਅਨੰਦ ਤੋਂ ਵਾਂਝੇ ਰਹਿ ਜਾਂਦੇ। ਚੀਨ ਦੀ ਅਨਪੜ੍ਹਤਾ ਵਿਰੋਧੀ ਮੁਹਿੰਮ ਦੇ ਆਗੂਆਂ ਵਿੱਚੋਂ ਇੱਕ, ਲਿਨ ਹਾਂਡਾ ਨੇ 1955 ਵਿੱਚ ਕਿਹਾ ਸੀ ਕਿ ਸਾਖਰਤਾ ਸਿਰਫ਼ ਅੱਖਰਾਂ ਨੂੰ ਪਛਾਣਨ ਬਾਰੇ ਨਹੀਂ ਹੈ; ਸਾਖਰਤਾ ਮੁਹਿੰਮ ਦਾ ਅੰਤਮ ਟੀਚਾ ਕਿਸਾਨਾਂ ਨੂੰ ਆਪਣੇ ਜੀਵਨ ਨੂੰ ਅਮੀਰ ਬਣਾਉਣ ਅਤੇ ਆਪਣੀ ਉਤਪਾਦਕਤਾ ਵਧਾਉਣ ਦੇ ਯੋਗ ਬਣਾਉਣਾ ਹੋਣਾ ਚਾਹੀਦਾ ਹੈ। ਅਗਲੇ ਸਾਲ ਜਾਰੀ ਕੀਤੇ ਗਏ ਅਨਪੜ੍ਹਤਾ ਵਿਰੋਧੀ ਐਲਾਨ-ਨਾਮੇ ਦੇ ਅਨੁਸਾਰ, ਪੇਂਡੂ ਬਾਲਗ ਸਾਖਰਤਾ ਮੁਹਿੰਮ ਦੇ ਦੋ ਸਿਧਾਂਤ ਸਨ: 'ਗਿਆਨ ਨੂੰ ਅਭਿਆਸ ਨਾਲ ਜੋੜਨਾ' (ਲਿਆਨਕਸੀ ਸ਼ੀਜੀ) ਅਤੇ 'ਕਾਰਜ ਦੇ ਉਦੇਸ਼ ਲਈ ਸਿੱਖਣਾ' (ਜ਼ੂ ਯੀ ਜ਼ੀ ਯੋਂਗ)।[16]
3. ਚੀਨੀ ਇਨਕਲਾਬ ਨੇ ਆਪਣੇ ਸਾਖਰਤਾ ਪ੍ਰੋਗਰਾਮਾਂ ਵਿੱਚ ਜਨਤਕ ਲਾਇਬ੍ਰੇਰੀ-ਆਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। 1949 ਵਿੱਚ ਚੀਨ ਵਿੱਚ ਸਿਰਫ਼ 55 ਜਨਤਕ ਲਾਇਬ੍ਰੇਰੀਆਂ ਸਨ। ਲੋਕਤੰਤਰ ਫੈਲਾਉਣ ਲਈ, ਨਵੇਂ ਚੀਨ ਨੇ ਕਿਸਾਨਾਂ ਲਈ ਪੇਂਡੂ ਖੇਤਰਾਂ ਵਿੱਚ ਲਾਇਬ੍ਰੇਰੀਆਂ ਅਤੇ ਮਜ਼ਦੂਰਾਂ ਲਈ ਫੈਕਟਰੀ ਲਾਇਬ੍ਰੇਰੀ-ਆਂ ਬਣਾਈਆਂ। 1956 ਤੱਕ, ਚੀਨ ਦੇ ਪਿੰਡਾਂ ਵਿੱਚ 182,960 ਰੀਡਿੰਗ ਰੂਮ ਬਣਾਏ ਗਏ ਸਨ, ਜੋ ਵੱਖ-ਵੱਖ ਵਿਸ਼ਿਆਂ 'ਤੇ ਪੜ੍ਹਨ ਸਮੱਗਰੀ ਪ੍ਰਦਾਨ ਕਰਦੇ ਸਨ।[17]

ਇਸ ਤਰ੍ਹਾਂ ਦੇ ਪ੍ਰੋਜੈਕਟਾਂ ਨੇ ਚੀਨੀ ਸਮਾਜ ਨੂੰ ਅਨਪੜ੍ਹਤਾ ਦੂਰ ਕਰਨ ਵਿੱਚ ਮਦਦ ਕੀਤੀ। ਅੱਜ, ਚੀਨ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਜਿਵੇਂ ਕਿ ਨੌਜਵਾਨਾਂ ਵਿੱਚ ਸਕ੍ਰੀਨਾਂ ਅਤੇ ਵੀਡੀਓ ਗੇਮਾਂ ਦੀ ਲੱਤ। ਇਸ ਸਬੰਧ ਵਿੱਚ, 2021 ਵਿੱਚ, ਚੀਨੀ ਰਾਸ਼ਟਰਪ-ਤੀ ਸ਼ੀ ਜਿਨਪਿੰਗ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੌਜਵਾਨਾਂ ਵਿੱਚ ਔਨਲਾਈਨ ਵੀਡੀਓ ਗੇਮ ਦੀ ਵਰਤੋਂ ਨੂੰ ਹਫ਼ਤੇ ਵਿੱਚ ਤਿੰਨ ਘੰਟੇ ਤੱਕ ਸੀਮਤ ਕਰਨ ਲਈ ਕਦਮ ਚੁੱਕੇਗੀ,


ਜਿਸ ਨੂੰ ਵੀਡੀਓ ਗੇਮ ਉਦਯੋਗ ਅਤੇ ਮਾਪਿਆਂ ਦੋਵਾਂ ਦੁਆਰਾ ਨਿਯੰਤ੍ਰਿਤ ਕੀਤਾ ਜਾਵੇਗਾ। 2022 ਵਿੱਚ ਪੜ੍ਹਨ ਬਾਰੇ ਪਹਿਲੀ ਰਾਸ਼ਟਰੀ ਕਾਨਫਰੰਸ ਵਿੱਚ ਆਪਣੇ ਉਦਘਾਟਨੀ ਭਾਸ਼ਣ ਵਿੱਚ, ਰਾਸ਼ਟਰਪਤੀ ਸ਼ੀ ਨੇ ਪੜ੍ਹਨ ਨੂੰ ਗਿਆਨ ਪ੍ਰਾਪਤ ਕਰਨ ਦੇ ਸਾਧਨ ਦੇ ਨਾਲ-ਨਾਲ ਗਿਆਨ ਨੂੰ ਵਧਾਉਣ ਅਤੇ ਗੁਣ ਸਿੱਖਣ ਦੇ ਸਾਧਨ ਵਜੋਂ ਦਰਸਾਇਆ, ਇਹ ਕਹਿੰਦੇ ਹੋਏ:

> ਪ੍ਰਾਚੀਨ ਸਮੇਂ ਤੋਂ, ਚੀਨੀ ਲੋਕਾਂ ਨੇ ਪੜ੍ਹਨ ਦੀ ਵਕਾਲਤ ਕੀਤੀ ਹੈ ਅਤੇ ਚੀਜ਼ਾਂ ਦੀ ਪ੍ਰਕਿਰਤੀ ਦਾ ਅਧਿਐਨ ਕਰਕੇ ਬੁੱਧੀ ਪ੍ਰਾਪਤ ਕਰਨ ਅਤੇ ਵਿਵੇਕ ਦੀ ਵਰਤੋਂ ਕਰਕੇ ਸ਼ਖਸੀਅਤ ਨੂੰ ਸੁਧਾਰਨ 'ਤੇ ਜ਼ੋਰ ਦਿੱਤਾ ਹੈ। ਪੜ੍ਹਨ ਦੀ ਆਦਤ ਚੀਨੀ ਲੋਕਾਂ ਵਿੱਚ ਸੰਜਮ ਦੀ ਰਵਾਇਤੀ ਭਾਵਨਾ ਨੂੰ ਮਜ਼ਬੂਤ ਕਰਨ, ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਸਵੈ-ਨਿਰਭਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।
>
> ਮੈਂ ਪਾਰਟੀ ਮੈਂਬਰਾਂ ਅਤੇ ਅਧਿਕਾਰੀਆਂ ਨੂੰ ਪੜ੍ਹਨ ਅਤੇ ਲਿਖਣ ਵਿੱਚ ਸਰਗਰਮੀ ਨਾਲ ਹਿੱਸਾ ਲੈਣ, ਨੇਕੀ ਅਤੇ ਆਦਰਸ਼ਾਂ ਦੇ ਮਾਰਗ 'ਤੇ ਚੱਲਣ ਅਤੇ ਆਪਣੀਆਂ ਯੋਗਤਾਵਾਂ ਨੂੰ ਸੁਧਾਰਨ ਦਾ ਸੱਦਾ ਦਿੰਦਾ ਹਾਂ। ਮੈਨੂੰ ਉਮੀਦ ਹੈ ਕਿ ਸਾਡੇ ਸਾਰੇ ਬੱਚੇ ਪੜ੍ਹਨ ਦੀ ਆਦਤ ਪਾਉਣਗੇ, ਪੜ੍ਹਨ ਦਾ ਆਨੰਦ ਲੈਣਗੇ ਅਤੇ ਸਿਹਤਮੰਦ ਵੱਡੇ ਹੋਣਗੇ। ਮੈਂ ਚਾਹੁੰਦਾ ਹਾਂ ਕਿ ਸਾਡੇ ਲੋਕ ਪੜ੍ਹਨ ਵਿੱਚ ਦਿਲਚਸਪੀ ਲੈਣ ਅਤੇ ਇੱਕ ਅਜਿਹਾ ਮਾਹੌਲ ਬਣਾਉਣ ਵਿੱਚ ਯੋਗਦਾਨ ਪਾਉਣ ਜਿੱਥੇ ਹਰ ਕੋਈ ਪੜ੍ਹਨਾ ਪਸੰਦ ਕਰੇ, ਹਰ ਕਿਸੇ ਕੋਲ ਪੜ੍ਹਨ ਲਈ ਚੰਗੀਆਂ ਕਿਤਾਬਾਂ ਹੋਣ ਅਤੇ ਹਰ ਕੋਈ ਜਾਣਦਾ ਹੋਵੇ ਕਿ ਪੜ੍ਹਨ ਤੋਂ ਕੁਝ ਕਿਵੇਂ ਸਿੱਖਣਾ ਹੈ।[18]

ਉਸੇ ਸਾਲ ਸ਼ੰਘਾਈ ਲਾਇਬ੍ਰੇਰੀ ਦੀ ਪੂਰਬੀ ਸ਼ਾਖਾ ਨੂੰ ਜਨਤਾ ਲਈ ਖੋਲ੍ਹ ਦਿੱਤਾ ਗਿਆ ਸੀ। ਪੁਡੋਂਗ ਜ਼ਿਲ੍ਹੇ ਵਿੱਚ, ਸੈਂਚੁਰੀ ਪਾਰਕ ਦੇ ਬਿਲਕੁਲ ਨਾਲ ਸਥਿਤ, ਇਹ ਲਾਇਬ੍ਰੇਰੀ ਹਰ ਰੋਜ਼ ਭੀੜ-ਭੜੱਕੇ ਵਾਲੀ ਹੁੰਦੀ ਹੈ, ਪਰ ਐਤਵਾਰ ਸ਼ਾਮ ਨੂੰ ਜ਼ਰੂਰ ਦੇਖਣਾ ਚਾਹੀਦਾ ਹੈ। ਗਲੋਬਲ ਸਾਊਥ ਦੇ ਕਈ ਗਰੀਬ ਦੇਸ਼ਾਂ ਵਿੱਚ, ਉਸ ਸਮੇਂ ਬੱਚਿਆਂ ਨੂੰ ਗਲੀਆਂ ਵਿੱਚ ਖੇਡਦੇ ਦੇਖਿਆ ਜਾ ਸਕਦਾ ਹੈ। ਗਲੋਬਲ ਨੌਰਥ ਵਿੱਚ, ਬੱਚੇ ਸ਼ਾਇਦ ਉਸ ਸਮੇਂ ਘਰ ਦੇ ਅੰਦਰ ਸਕ੍ਰੀਨਾਂ ਨਾਲ ਚਿਪਕੇ ਹੋਏ ਹੁੰਦੇ ਹੋਣ। ਪਰ ਸ਼ੰਘਾਈ ਵਿੱਚ, ਬੱਚੇ ਕਿਤਾਬਾਂ ਦੇ ਢੇਰ ਚੁੱਕਦੇ ਹਨ, ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਦੀ ਗੋਦੀ ਵਿੱਚ ਬੈਠਦੇ ਹਨ, ਅਤੇ ਉਨ੍ਹਾਂ ਕਿਤਾਬਾਂ ਨੂੰ ਬਹੁਤ ਉਤਸ਼ਾਹ ਨਾਲ ਇੱਕ-ਇੱਕ ਕਰਕੇ ਪੜ੍ਹਦੇ ਹਨ।

ਲਾਇਬ੍ਰੇਰੀ ਦੇ ਇੱਕ ਛੋਟੇ ਪਰ ਮਹੱਤਵਪੂਰਨ ਹਿੱਸੇ ਵਿੱਚ ਮਾਰਕਸਵਾਦੀ ਸਾਹਿਤ ਹੈ। ਇਸ ਭਾਗ ਦੀਆਂ ਕਿਤਾਬਾਂ ਲੇਖਕਾਂ ਦੇ ਹਿਸਾਬ ਨਾਲ ਵਿਵਸਥਿਤ ਕੀਤੀਆਂ ਗਈਆਂ ਹਨ: ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼, ਮਾਓ ਜ਼ੇ-ਤੁੰਗ, ਡੇਂਗ ਜ਼ਿਆਓਪਿੰਗ ਅਤੇ ਸ਼ੀ ਜਿਨਪਿੰਗ। ਲਾਇਬ੍ਰੇਰੀ ਦਾ ਸਭ ਤੋਂ ਪਿਆਰਾ ਹਿੱਸਾ ਬੱਚਿਆਂ ਦਾ ਭਾਗ ਹੈ, ਜਿਸ ਵਿੱਚ

ਰੰਗ-ਬਿਰੰਗੀਆਂ ਕਿਤਾਬਾਂ ਦੀਆਂ ਕਤਾਰਾਂ ਹਨ, ਅਤੇ ਨੇੜੇ ਦੇ ਸੋਫੇ ਅਤੇ ਮੇਜ਼ ਤੁਹਾਨੂੰ ਬੈਠ ਕੇ ਪੜ੍ਹਨ ਲਈ ਉਤਸੁਕ ਬਣਾਉਂਦੇ ਹਨ। 1948 ਦੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਦੇ ਆਰਟੀਕਲ 26 ਦੇ ਅਨੁਸਾਰ, ਹਰੇਕ ਮਨੁੱਖ ਨੂੰ ਪੜ੍ਹਨ ਦਾ ਹੱਕ ਹੈ। ਲਾ-ਇਬ੍ਰੇਰੀ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਲੋਕ - ਭਾਵੇਂ ਬਾਲਗ ਹੋਣ ਜਾਂ ਬੱਚੇ - ਆਪਣੇ ਪੜ੍ਹਨ ਦੇ ਹੱਕ ਦੀ ਵਰਤੋਂ ਕਰਨ ਲਈ ਆਉਂਦੇ ਹਨ। ਇਸ ਪਰੰਪਰਾ ਵਿੱਚ, ਪੜ੍ਹਨਾ ਇੱਕ ਸਮਾਜਿਕ ਗਤੀਵਿਧੀ ਹੈ ਜੋ ਮਨੁੱਖਾਂ ਵਿੱਚ, ਖਾਸ ਕਰਕੇ ਨੌਂਜਵਾਨਾਂ ਵਿੱਚ, ਹਮਦਰਦੀ ਅਤੇ ਬੋਧਾਤਮਕ ਸਮਰੱਥਾਵਾਂ ਨੂੰ ਵਿਕਸਤ ਕਰਨ ਵਿੱਚ ਮਦਦ ਕਰਦੀ ਹੈ, ਅਤੇ ਲੋਕਾਂ ਨੂੰ ਉਨ੍ਹਾਂ ਦੇ ਇਤਿਹਾਸ, ਸੱਭਿਆਚਾਰ, ਭਾਸ਼ਾ ਅਤੇ ਪੁਰਖਿਆਂ ਨਾਲ ਜੋੜਦੀ ਹੈ।




ਇਲਸਟ੍ਰੇਸ਼ਨ: ਜੁਨੈਨਾ ਮੁਹੰਮਦ (ਭਾਰਤ/ਯੰਗ ਸੋਸ਼ਲਿਸਟ ਆਰਟਿਸਟ)

# ਕੇਰਲ ਵਿੱਚ ਕਿਤਾਬਾਂ ਦੀ ਮਿੱਠੀ ਖੁਸ਼ਬੂ

ਲਗਭਗ 3.34 ਕਰੋੜ ਦੀ ਆਬਾਦੀ ਵਾਲੇ ਕੇਰਲ ਰਾਜ 'ਤੇ ਖੱਬੇ ਪੱਖੀ ਲੋਕਤੰਤਰੀ ਮੋਰਚੇ ਦਾ ਸ਼ਾਸਨ ਹੈ ਜਿਸ ਦੀ ਮੁੱਖ ਪਾਰਟੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) (ਸੀਪੀਆਈ-ਐਮ) ਹੈ।[19] ਜੇ ਤੁਸੀਂ ਕੇਰਲ ਦੇ ਕਿਸੇ ਵੀ ਕਸਬੇ ਜਾਂ ਸ਼ਹਿਰ ਵਿੱਚ ਜਾਓਗੇ, ਤਾਂ ਤੁਹਾਨੂੰ ਜ਼ਰੂਰ ਜਨਤਕ ਲਾਇਬ੍ਰੇਰੀਆਂ ਮਿਲ ਜਾਣ ਗੀਆਂ ਜਿੱਥੇ ਲੋਕ ਆਪਣੇ ਨਾਲ ਲਿਜਾਣ ਲਈ ਕਿਤਾਬਾਂ ਲੱਭ ਰਹੇ ਹੋਣਗੇ ਜਾਂ ਮੇਜ਼ 'ਤੇ ਬੈਠ ਕੇ ਕਿਤਾਬਾਂ ਪੜ੍ਹ ਰਹੇ ਹੋਣਗੇ। ਕੇਰਲ ਵਿੱਚ ਨੌਂ ਹਜ਼ਾਰ ਤੋਂ ਵੱਧ ਜਨਤਕ ਲਾਇਬ੍ਰੇਰੀਆਂ ਹਨ। ਕਮਿਊਨਿਸਟ ਲਹਿਰ ਦੀ ਸਰਗਰਮ ਮੌਜੂਦਗੀ ਕਾਰਨ ਇੱਥੇ ਪੜ੍ਹਨ ਦੀ ਇੱਕ ਸਥਾਈ ਪਰੰਪਰਾ ਰਹੀ ਹੈ।

1920 ਦੇ ਦਹਾਕੇ ਵਿੱਚ ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਚੱਲ ਰਹੇ ਅੰਦੋਲਨ ਦੌਰਾਨ ਸਾਖਰਤਾ ਦਾ ਮੁੱਦਾ ਬਸਤੀਵਾਦੀ ਵਿਰੋਧੀ ਭਾਰਤੀ ਰਾਸ਼ਟਰਵਾਦ ਦੇ ਏਜੰਡੇ ਦਾ ਹਿੱਸਾ ਸੀ। ਜਨਤਕ ਲਾਇਬ੍ਰੇਰੀਆਂ ਨੂੰ ਸਾਖਰਤਾ ਮੁਹਿੰਮ ਦਾ ਇੱਕ ਮਹੱਤਵਪੂਰਨ ਸਾਧਨ ਮੰਨਿਆ ਜਾਂਦਾ ਸੀ। ਲਾਇਬ੍ਰੇਰੀਆਂ ਪਹਿਲਾਂ ਹੀ ਉਨ੍ਹਾਂ ਭਾਰਤੀ ਰਾਜਾਂ ਵਿੱਚ ਵਿਕਾਸ ਏਜੰਡੇ ਦਾ ਇੱਕ ਮਹੱਤ-ਵਪੂਰਨ ਹਿੱਸਾ ਬਣ ਚੁੱਕੀਆਂ ਸਨ ਜੋ ਉਦਾਰਵਾਦੀ ਸ਼ਾਸਕਾਂ ਦੇ ਅਧੀਨ ਸਨ (ਜਿਵੇਂ ਕਿ ਬੜੌਦਾ, ਜੋ ਹੁਣ ਵਡੋਦਰਾ ਵਜੋਂ ਜਾਣਿਆ ਜਾਂਦਾ ਹੈ)। ਭਾਰਤ ਵਿੱਚ ਲਾਇਬ੍ਰੇਰੀ ਲਹਿਰ ਬਾਰੇ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਜ਼ਿਆਦਾਤਰ ਥਾਵਾਂ 'ਤੇ ਇਹ ਦੋਸਤਾਂ ਦੇ ਇੱਕ ਸਮੂਹ ਦੁਆਰਾ ਆਪਣੀਆਂ ਕਿਤਾਬਾਂ ਅਤੇ ਅਖ਼ਬਾਰਾਂ ਇਕੱਠੀਆਂ ਕਰਨ ਅਤੇ ਆਪਣੇ ਪਿੰਡ ਜਾਂ ਕਸਬੇ ਵਿੱਚ ਇੱਕ ਛੋਟੀ ਜਿਹੀ ਲਾਇਬ੍ਰੇਰੀ ਸ਼ੁਰੂ ਕਰਨ ਨਾਲ ਸ਼ੁਰੂ ਹੋਈ ਸੀ। ਮਿਸਾਲ ਵਜੋਂ ਕੇ.ਐਨ. ਪਾਨੀਕਰ - ਜਿਨ੍ਹਾਂ ਨੂੰ ਕੇਰਲ ਦੀ ਲਾਇਬ੍ਰੇਰੀ ਲਹਿਰ ਦਾ ਪਿਤਾਮਾ ਮੰਨਿਆ ਜਾਂਦਾ ਹੈ - ਦੱਸਦਾ ਹੈ ਕਿ ਅਖ਼ਬਾਰ ਸਿਰਫ਼ ਅਮੀਰਾਂ ਲਈ ਹੀ ਪਹੁੰਚਯੋਗ ਸਨ। ਪਰ ਜਦੋਂ ਉਹ ਕਿਸੇ ਤਰ੍ਹਾਂ ਇੱਕ ਅਖ਼ਬਾਰ ਦੀ ਗਾਹਕੀ ਲੈਣ ਵਿੱਚ ਕਾਮਯਾਬ ਹੋ ਗਿਆ, ਤਾਂ ਅੱਠ ਤੋਂ ਦਸ ਲੋਕ ਉਸਦੇ ਘਰ ਇਕੱਠੇ ਹੋਣੇ ਸ਼ੁਰੂ ਹੋ ਗਏ ਜੋ ਉਸਨੂੰ ਖ਼ਬਰਾਂ ਪੜ੍ਹਨ ਲਈ ਬੇਨਤੀ ਕਰਦੇ ਸਨ। ਉਸਨੇ ਕਿਹਾ, 'ਜਦੋਂ ਵੀ ਅਖ਼ਬਾਰ ਨਹੀਂ ਆਉਂਦਾ ਸੀ, ਮੈਂ ਉਹਨਾਂ ਨੂੰ ਮਹਾਨ ਨਾਇਕਾਂ ਦੀਆਂ ਜੀਵਨੀਆਂ ਪੜ੍ਹ ਕੇ ਸੁਣਾਉਂਦਾ ਸੀ'। ਉਹ ਅੱਗੇ ਕਹਿੰਦਾ ਹੈ, 'ਮੇਰੇ ਇੱਕ ਦੋਸਤ ਨੇ ਦੋ ਹੋਰ ਅਖ਼ਬਾਰਾਂ ਦੀ ਗਾਹਕੀ ਲਈ ਸੀ ਅਤੇ ਉਸ ਕੋਲ ਕੁਝ ਕਿਤਾਬਾਂ ਵੀ ਸਨ। ਇਹਨਾਂ ਕਿਤਾਬਾਂ ਅਤੇ ਅਖ਼ਬਾਰਾਂ ਨੂੰ ਇੱਕ ਛੋਟੇ ਜਿਹੇ ਬਿਨਾਂ ਕਿਰਾਏ ਦੇ ਕਮਰੇ ਵਿੱਚ ਇਕੱਠਾ ਕਰਕੇ ਅਸੀਂ ਇੱਕ ਛੋਟੀ ਜਿਹੀ ਲਾਇਬ੍ਰੇਰੀ ਸ਼ੁਰੂ ਕੀਤੀ'।[20] ਇਸ ਤਰ੍ਹਾਂ ਦੀ ਲਾਇਬ੍ਰੇਰੀ ਸ਼ੁਰੂ ਕਰਨ ਨਾਲ ਸਬੰਧਤ ਹਜ਼ਾਰਾਂ ਕਹਾਣੀਆਂ ਹਨ। ਅਜਿਹੀਆਂ ਬਹੁਤ ਸਾਰੀਆਂ ਲਾਇਬ੍ਰੇਰੀਆਂ ਨੂੰ ਬਾਅਦ ਵਿੱਚ ਰਾਜ ਲਾਇਬ੍ਰੇਰੀ ਪ੍ਰਣਾਲੀ ਵਿੱਚ ਸ਼ਾਮਲ ਕੀਤਾ ਗਿਆ, ਜਿਸਨੇ ਉਨ੍ਹਾਂ ਲਾ-ਇਬ੍ਰੇਰੀਆਂ ਨੂੰ ਸਰੋਤ ਪ੍ਰਦਾਨ ਕੀਤੇ ਅਤੇ ਉਨ੍ਹਾਂ ਦੇ ਦਾਇਰੇ ਦਾ ਵਿਸਤਾਰ ਵੀ ਕੀਤਾ। ਕੇਰਲ ਵਿੱਚ ਲਾਇਬ੍ਰੇਰੀ ਲਹਿਰ ਇਸੇ ਤਰ੍ਹਾਂ ਦੀਆਂ ਛੋਟੀਆਂ ਲਾਇਬ੍ਰੇਰੀਆਂ ਨਾਲ ਸ਼ੁਰੂ ਹੋਈ ਸੀ। ਭਾਰਤ ਦੇ ਹੋਰ ਰਾਜਾਂ ਵਿੱਚ ਵੀ ਲਾਇਬ੍ਰੇਰੀ ਅੰਦੋਲਨ ਹੋਏ, ਪਰ ਅੱਜ ਵੀ ਇਸਦਾ ਕੇਂਦਰ ਕੇਰਲ ਹੈ। ਅਤੇ ਅੱਜ ਵੀ ਅਜਿਹੀਆਂ ਛੋਟੀਆਂ ਲਾਇਬ੍ਰੇਰੀਆਂ ਇਸ ਲਹਿਰ ਦਾ ਜੀਵਨ ਹਨ।

ਇਸਦੀ ਸਭ ਤੋਂ ਵਧੀਆ ਮਿਸਾਲ ਕੰਨੂਰ ਜ਼ਿਲ੍ਹੇ ਦੀਆਂ ਲਾਇਬ੍ਰੇਰੀਆਂ ਹਨ। ਕੇਰਲ ਵਿੱਚ ਕੰਨੂਰ ਵਿੱਚ ਸਭ ਤੋਂ ਵੱਧ ਲਾਇਬ੍ਰੇਰੀਆਂ ਹਨ। ਲਗਭਗ 29,000 ਦੀ ਆਬਾਦੀ ਵਾਲੇ ਮਾਇਲ ਪਿੰਡ ਦੀ ਗ੍ਰਾਮ ਪੰਚਾਇਤ, ਕੰਨੂਰ ਜ਼ਿਲ੍ਹੇ ਦੀਆਂ 93 ਸਥਾਨਕ ਸਰਕਾਰਾਂ ਵਿੱਚੋਂ ਇੱਕ ਹੈ। ਇਸ ਖੇਤਰ ਵਿੱਚ ਕੇਰਲ ਸਟੇਟ ਲਾਇਬ੍ਰੇਰੀ ਕੌਂਸਲ ਨਾਲ ਸੰਬੰਧਿਤ 34 ਲਾਇਬ੍ਰੇਰੀਆਂ ਹਨ। ਇਸਦਾ ਮਤਲਬ ਹੈ ਕਿ ਪ੍ਰਤੀ ਵਰਗ ਕਿਲੋਮੀਟਰ ਵਿੱਚ ਲਗਭਗ ਇੱਕ ਲਾਇਬ੍ਰੇਰੀ ਹੈ, ਜਿਸ ਵਿੱਚ ਹਰੇਕ ਲਾਇਬ੍ਰੇਰੀ ਲਗਭਗ 872 ਲੋਕਾਂ ਦੀ ਸੇਵਾ ਕਰਨ ਦੇ ਸਮਰੱਥ ਹੈ। ਲਾਇਬ੍ਰੇਰੀਆਂ ਦੀ ਇੰਨੀ ਅਸਾਧਾਰਨ ਘਣਤਾ ਦੁਨੀਆ ਦੇ ਕਿਸੇ ਹੋਰ ਹਿੱਸੇ ਵਿੱਚ ਨਹੀਂ ਦੇਖੀ ਜਾਵੇਗੀ। ਇਹ ਸਾਰੀਆਂ ਲਾਇਬ੍ਰੇਰੀਆਂ ਰਾਜ ਸਰਕਾਰ ਦੁਆਰਾ ਫੰਡ ਕੀਤੀਆਂ ਜਾਂਦੀਆਂ ਹਨ ਅਤੇ ਇਹ ਕੰਪਿਊਟਰਾਂ ਅਤੇ ਏਕੀਕ੍ਰਿਤ ਕੈਟਾਲਾਗ ਸਹੂਲਤਾਂ ਦੇ ਨਾਲ-ਨਾਲ ਸਿਖਲਾਈ ਪ੍ਰਾਪਤ ਲਾਇਬ੍ਰੇਰੀਅਨਾਂ ਨਾਲ ਲੈਸ ਹਨ, ਜੋ ਆਲੇ ਦੁਆਲੇ ਦੇ ਭਾਈਚਾਰੇ ਲਈ ਇੱਕ ਵਧੀਆ ਸਰੋਤ ਵਜੋਂ ਕੰਮ ਕਰਦੇ ਹਨ।

ਇਹਨਾਂ ਵਿੱਚੋਂ ਹਰੇਕ ਲਾਇਬ੍ਰੇਰੀ ਦੀ ਆਪਣੀ ਕਹਾਣੀ ਹੈ, ਅਤੇ ਬਹੁਤ ਸਾਰੀਆਂ ਲਾਇਬ੍ਰੇਰੀਆਂ ਦੇ ਨਾਮ ਕਿਸੇ ਰਾਸ਼ਟਰਵਾਦੀ ਜਾਂ ਕਮਿਊਨਿਸਟ ਨੇਤਾ ਦੇ ਨਾਮ 'ਤੇ ਰੱਖੇ ਗਏ ਹਨ। ਕੰਨੂਰ ਦੀਆਂ ਕੁਝ ਲਾਇਬ੍ਰੇਰੀਆਂ ਬਾਰੇ ਜਾਣੋ:

- ਮਾਇਲ ਵਿੱਚ ਸਥਿਤ ਵੇਲਮ ਪਬਲਿਕ ਰੀਡਿੰਗ ਰੂਮ ਹਾਲ (ਵੇਲਮ ਪੋਥੁਜਨਾ ਵਯਨਸ਼ਾਲਾ ਪਬਲਿਕ ਲਾਇਬ੍ਰੇਰੀ)[21]: 1934 ਵਿੱਚ, ਭਾਰਤੀ ਰਾਸ਼ਟਰੀ ਕਾਂਗਰਸ ਦੇ ਮੈਂਬਰ, ਈਸ਼ਵਰਨ ਨੰਬੂਥੀਰੀ, ਪਿੰਡ ਵਾਸੀਆਂ ਵਿੱਚ ਹਿੰਦੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਮਾਇਲ ਪੰਚਾਇਤ (ਪਿੰਡ ਪ੍ਰੀਸ਼ਦ) ਵਿੱਚ ਆਏ। ਉਸਨੇ ਆਪਣੇ ਸਕੂਲ ਲਈ ਇੱਕ ਛੋਟਾ ਜਿਹਾ ਸ਼ੈੱਡ ਬਣਾਇਆ, ਜੋ ਬਾਅਦ ਵਿੱਚ ਇੱਕ ਲਾਇਬ੍ਰੇਰੀ ਬਣ ਗਿਆ ਅਤੇ ਅੱਜ ਇਸ ਵਿੱਚ 18,000 ਕਿਤਾਬਾਂ ਹਨ।

- ਥਾਲਸੇਰੀ ਵਿੱਚ ਸਥਿਤ ਪਾਰਲ ਪਬਲਿਕ ਰੀਡਿੰਗ ਰੂਮ ਹਾਲ (ਪਾਰਲ ਪੋਠੁਜਨਾ ਵਯਨਸ਼ਾਲਾ ਪਬਲਿਕ ਲਾਇਬ੍ਰੇਰੀ): 1934 ਵਿੱਚ, ਕੌਮੂਦੀ ਨਾਮ ਦੀ ਇੱਕ ਸੋਲ੍ਹਾਂ ਸਾਲਾਂ ਦੀ ਕੁੜੀ ਨੇ ਬ੍ਰਿਟਿਸ਼ ਸਾਮਰਾਜਵਾਦੀ ਸ਼ਾਸਨ ਦੇ ਵਿਰੁੱਧ ਚੱਲ ਰਹੇ ਆਜ਼ਾਦੀ ਅੰਦੋਲਨ ਵਿੱਚ ਯੋਗਦਾਨ ਪਾਉਣ ਲਈ ਗਾਂਧੀ ਜੀ ਨੂੰ ਆਪਣੇ ਸੋਨੇ ਦੇ ਗਹਿਣੇ ਦਾਨ ਕਰ ਦਿੱਤੇ। ਸੋਨੇ ਤੋਂ ਪ੍ਰਾਪਤ ਪੈਸੇ ਦੀ ਵਰਤੋਂ ਲਾਇਬ੍ਰੇਰੀ ਬਣਾਉਣ ਲਈ ਕੀਤੀ ਗਈ ਸੀ, ਜਿਸ ਵਿੱਚ ਹੁਣ ਜ਼ਿਲ੍ਹੇ ਦੇ ਇਤਿਹਾਸ ਦੇ ਪੁਰਾਲੇਖ ਸ਼ਾਮਲ ਹਨ।

- ਕੰਡੱਕਾਈ ਵਿੱਚ ਸਥਿਤ ਐਸ.ਜੇ.ਐਮ. ਰੀਡਿੰਗ ਰੂਮ ਹਾਲ ਅਤੇ ਨੈਸ਼ਨਲ ਲਾਇਬ੍ਰੇਰੀ (ਐਸ.ਜੇ.ਐਮ. ਵਯਨਸਾਲਾ ਐਂਡ ਦੇਸ਼ੀਯ ਗ੍ਰੰਥਾਲਾਯਮ): ਕੇਰਲ ਵਿੱਚ ਉਨ੍ਹੀਵੀਂ ਸਦੀ ਦੇ ਸਮਾਜ ਸੁਧਾਰ ਅੰਦੋਲਨਾਂ ਦੌਰਾਨ ਸ਼੍ਰੀ ਜਠਾਵੇਦ ਗੁਰੂ ਨਾਮ ਦਾ

ਇੱਕ ਵਿਅਕਤੀ ਕੰਡੱਕਾਈ ਆਇਆ। ਉਸਨੇ ਉੱਥੋਂ ਦੇ ਪਿੰਡ ਵਾਸੀਆਂ ਨੂੰ ਜਾਤੀ ਸ਼ਾਸਤਰ ਅਤੇ ਵਿਤਕਰੇ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ। ਇਸ ਸੰਘਰਸ਼ ਨੂੰ ਗਤੀ ਦੇਣ ਲਈ, ਗੁਰੂ ਨੇ ਇੱਕ ਛੋਟੀ ਜਿਹੀ ਲਾਇਬ੍ਰੇਰੀ ਸਥਾਪਤ ਕੀਤੀ, ਜਿੱਥੇ ਅੱਜ ਦਸ ਹਜ਼ਾਰ ਤੋਂ ਵੱਧ ਕਿਤਾਬਾਂ ਮੌਜੂਦ ਹਨ।

- ਪਿਨਾਰਾਈ ਵਿੱਚ ਸਥਿਤ ਸੀ. ਮਾਧਵਨ ਮੈਮੋਰੀਅਲ ਰੀਡਿੰਗ ਰੂਮ ਹਾਲ (ਸੀ. ਮਾਧਵਨ ਸਮਾਰਕ ਵਯਨਸ਼ਾਲਾ): ਭਾਰਤੀ ਕਮਿਊਨਿਸਟ ਪਾਰਟੀ ਦਾ ਪਹਿਲਾ ਸੰਮੇਲਨ 1939 ਵਿੱਚ ਕੇਰਲ ਦੇ ਪਿਨਾਰਾਈ ਵਿੱਚ ਗੁਪਤ ਰੂਪ ਵਿੱਚ ਹੋਇਆ ਸੀ। ਦੋ ਦਹਾਕਿਆਂ ਬਾਅਦ, ਪ੍ਰਗਤੀਸ਼ੀਲ ਯੁਵਾ ਸੰਗਠਨ ਸ਼੍ਰੀ ਸ਼੍ਰੀ ਨਾਰਾਇਣ ਆਸ਼੍ਰਿਤ ਯੁਵਾਜਨ ਸੰਘਮ ਨੇ ਸੀ. ਮਾਧਵਨ ਮੈਮੋਰੀਅਲ ਲਾਇਬ੍ਰੇਰੀ ਸ਼ੁਰੂ ਕੀਤੀ, ਜਿਸਦਾ ਨਾਮ ਸਮਾਜਿਕ ਕਾਰਕੁਨ ਦੇ ਨਾਮ 'ਤੇ ਰੱਖਿਆ ਗਿਆ ਸੀ। ਇਸ ਲਾਇਬ੍ਰੇਰੀ ਵਿੱਚ ਹਰ ਸਾਲ ਸਥਾਨਕ ਦਾਨ ਪ੍ਰਣਾਲੀ ਰਾਹੀਂ ਹਜ਼ਾਰਾਂ ਕਿਤਾਬਾਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਭਾਈਚਾਰਕ ਭਾਵਨਾ ਇਸ ਹੱਦ ਤੱਕ ਵਧ ਗਈ ਹੈ ਕਿ ਅੱਜ ਜਦੋਂ ਵੀ ਇਸ ਖੇਤਰ ਵਿੱਚ ਕੋਈ ਨਵਾਂ ਘਰ ਬਣਾਇਆ ਜਾਂਦਾ ਹੈ, ਤਾਂ ਲਾਇਬ੍ਰੇਰੀ ਦੇ ਨਾਮ 'ਤੇ ਇਸਦੇ ਨੇੜੇ ਇੱਕ ਫਲਾਂ ਦਾ ਰੁੱਖ ਲਗਾਇਆ ਜਾਂਦਾ ਹੈ।

- ਏਜ਼ੋਮ ਵਿਖੇ ਕੁਲਪੁਰਮ ਰੀਡਿੰਗ ਰੂਮ ਹਾਲ ਅਤੇ ਲਾਇਬ੍ਰੇਰੀ (ਕੁਲਪੁਰਮ ਵਯਨਸ਼ਾਲਾ ਐਂਡ ਗ੍ਰੰਥਾਲਾਯਮ): 1950 ਦੇ ਦਹਾਕੇ ਵਿੱਚ, ਏਜ਼ੋਮ ਪਿੰਡ ਦੇ ਜੁਲਾਹੇ ਨੇ ਯੰਗ ਮੈਨਜ਼ ਕਲੱਬ ਦੇ ਨਾਮ ਨਾਲ ਇੱਕ ਰੀਡਿੰਗ ਰੂਮ ਸ਼ੁਰੂ ਕੀਤਾ। ਉਹ ਰੀਡਿੰਗ ਰੂਮ ਹੁਣ ਇੱਕ ਤਿੰਨ ਮੰਜ਼ਿਲਾ ਜਲਵਾਯੂ-ਨਿਯੰਤਰਿਤ ਲਾਇਬ੍ਰੇਰੀ ਹੈ ਜਿਸ ਵਿੱਚ ਜਨਤਕ ਸਮਾਗਮਾਂ ਲਈ ਜਗ੍ਹਾ ਅਤੇ ਇੱਕ ਵੱਡਾ ਖੇਡ ਦਾ ਮੈਦਾਨ ਅਤੇ ਸਬਜ਼ੀਆਂ ਦਾ ਬਾਗ ਹੈ। ਲਾਇਬ੍ਰੇਰੀ ਕਈ ਤਰ੍ਹਾਂ ਦੀਆਂ ਸਮਾਜਿਕ ਸੇਵਾਵਾਂ ਵੀ ਪ੍ਰਦਾਨ ਕਰਦੀ ਹੈ, ਜਿਵੇਂ ਕਿ ਕਿਤਾਬਾਂ ਦੀ ਵੰਡ ਅਤੇ ਔਰਤਾਂ ਲਈ ਮੋਟਰਸਾਈਕਲ ਡਰਾਈਵਿੰਗ ਕੋਰਸ। ਹੁਣ ਤੱਕ ਸੌ ਤੋਂ ਵੱਧ ਔਰਤਾਂ ਇਸ ਕੋਰਸ ਰਾਹੀਂ ਡਰਾਈਵਿੰਗ ਸਿੱਖਣ ਅਤੇ ਲਾਇਸੈਂਸ ਪ੍ਰਾਪਤ ਕਰਨ ਵਿੱਚ ਸਫਲ ਹੋ ਚੁੱਕੀਆਂ ਹਨ। 2008 ਵਿੱਚ, ਲਾਇਬ੍ਰੇਰੀ ਨੇ, ਕੰਨੂਰ ਜ਼ਿਲ੍ਹੇ ਦੇ ਪਰਿਆਰਾਮ ਸਥਿਤ ਸਰਕਾਰੀ ਮੈਡੀਕਲ ਕਾਲਜ ਦੇ ਸਿਹਤ ਕਰਮਚਾਰੀਆਂ ਦੇ ਸਹਿਯੋਗ ਨਾਲ, ਪਿੰਡ ਦੇ 700 ਘਰਾਂ ਦਾ ਦੌਰਾ ਕੀਤਾ। ਡਾਕਟਰਾਂ ਅਤੇ ਲਾਇਬ੍ਰੇਰੀਅਨਾਂ ਨੇ ਪੂਰੇ ਪਿੰਡ ਤੋਂ ਸਿਹਤ ਸੰਬੰਧੀ ਜਾਣਕਾਰੀ ਇਕੱਠੀ ਕੀਤੀ ਅਤੇ ਪੇਂਡੂ ਆਬਾਦੀ ਨੂੰ ਨਗਰਪਾਲਿਕਾ ਦੀਆਂ ਵੱਖ-ਵੱਖ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ।

- ਚਲ ਵਿਖੇ ਨੈਸ਼ਨਲ ਹੋਮਲੈਂਡ ਅਪਲਿਫਟਮੈਂਟ ਰੀਡਿੰਗ ਰੂਮ ਹਾਲ ਅਤੇ ਪਬਲਿਕ ਲਾਇਬ੍ਰੇਰੀ (ਦੇਸ਼ੋਧਰਨ ਵਯਨਸ਼ਾਲਾ ਐਂਡ ਪਬਲਿਕ ਲਾਇਬ੍ਰੇਰੀ) ਅਤੇ ਦੇਸ਼ੋਧ-

ਰਨ ਵਯਨਸ਼ਾਲਾ: ਇਹ ਛੋਟੀ ਲਾਇਬ੍ਰੇਰੀ, ਜੋ ਕਿ ਖਜੂਰ ਦੇ ਬਾਗ ਦੇ ਕਿਨਾਰੇ ਸਥਿਤ ਹੈ, 1960 ਦੇ ਦਹਾਕੇ ਵਿੱਚ ਕਿਸਾਨਾਂ ਦੁਆਰਾ ਸਥਾਪਿਤ ਕੀਤੀ ਗਈ ਸੀ। ਇਹ ਕਿਸਾਨ ਬੀੜੀ ਬਣਾਉਣ ਅਤੇ ਬੁਣਾਈ ਵਰਗੇ ਦਿਹਾੜੀਦਾਰ ਕੰਮ ਕਰਦੇ ਸਨ। ਕਿਸਾਨਾਂ ਨੇ ਆਪਣਾ ਪੈਸਾ ਇਕੱਠਾ ਕੀਤਾ ਅਤੇ ਅਧਿਐਨ ਅਤੇ ਚਿੰਤਨ ਲਈ ਇੱਕ ਜਗ੍ਹਾ ਬਣਾਈ। ਅੱਜ, ਇਸ ਲਾਇਬ੍ਰੇਰੀ ਵਿੱਚ ਲਗਭਗ 9,000 ਕਿਤਾਬਾਂ ਹਨ।

- ਕਾਵੂੰਬਾਈ ਵਿਖੇ ਸਥਿਤ ਥਾਲੀਅਨ ਰਮਨ ਨੰਬਿਆਰ ਮੈਮੋਰੀਅਲ ਪਬਲਿਕ ਰੀਡਿੰਗ ਰੂਮ ਹਾਲ (ਥਾਲੀਅਨ ਰਮਨ ਨੰਬਿਆਰ ਮੈਮੋਰੀਅਲ ਪਬਲਿਕ ਲਾ-ਇਬ੍ਰੇਰੀ ਸਮਾਰਕ ਪੋਥੁਜਨਾ ਵਯਨਸ਼ਾਲਾ)। ਕਿਸਾਨ ਨੇਤਾ ਥਾਲੀਅਨ ਰਮਨ ਨੂੰ 1946 ਵਿੱਚ ਕਾਵੂੰਬਾਈ ਕਿਸਾਨ ਵਿਦਰੋਹ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਚਾਰ ਸਾਲ ਬਾਅਦ ਸਲੇਮ ਜੇਲ੍ਹ ਵਿੱਚ ਇੱਕ ਪੁਲਿਸ ਕਤਲੇਆਮ ਵਿੱਚ ਮਾਰ ਦਿੱਤਾ ਗਿਆ ਸੀ। 1962 ਵਿੱਚ, ਸਥਾਨਕ ਕਿਸਾਨਾਂ ਨੇ ਉਸਦੇ ਸਨਮਾਨ ਵਿੱਚ ਇਹ ਲਾਇਬ੍ਰੇਰੀ ਬਣਾਈ।

- ਕਰੀਵੇਲੂਰ ਵਿਖੇ ਐਵਨ ਲਾਇਬ੍ਰੇਰੀ: ਐਵਨ ਕਲੱਬ ਦੇ ਰੂਪ ਵਿੱਚ ਸ਼ੁਰੂ ਹੋਈ, ਇਸਨੂੰ 1973 ਤੋਂ ਐਵਨ ਲਾਇਬ੍ਰੇਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਅੱਜ ਇਸ ਲਾਇਬ੍ਰੇਰੀ ਵਿੱਚ 17,574 ਕਿਤਾਬਾਂ ਹਨ ਅਤੇ 619 ਮੈਂਬਰ ਹਨ। ਲਾਇਬ੍ਰੇਰੀ ਬੱਚਿਆਂ ਲਈ ਪੜ੍ਹਨ ਦੀਆਂ ਗਤੀਵਿਧੀਆਂ ਦਾ ਆਯੋਜਨ ਕਰਦੀ ਹੈ, ਸਮੇਂ-ਸਮੇਂ 'ਤੇ ਫਿਲਮਾਂ ਦੀ ਸਕ੍ਰੀਨਿੰਗ ਦਾ ਆਯੋਜਨ ਕਰਦੀ ਹੈ ਅਤੇ ਬਜ਼ੁਰਗਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਕਿਤਾਬਾਂ ਪਹੁੰਚਾਉਂਦੀ ਹੈ। ਦੋ ਸਥਾਨਕ ਖੋਜਕਰਤਾਵਾਂ ਨੇ ਲਾਇਬ੍ਰੇਰੀ ਦੇ ਸਥਾਨਕ ਇਤਿਹਾਸ ਸਮੂਹ ਨਾਲ ਆਪਣੀ ਸ਼ਮੂਲੀਅਤ ਰਾਹੀਂ ਇਤਿਹਾਸ 'ਤੇ ਆਪਣੇ ਖੋਜ ਪੱਤਰ ਤਿਆਰ ਕੀਤੇ ਹਨ।

ਮਹਾਂਮਾਰੀ ਦੌਰਾਨ, ਲਾਇਬ੍ਰੇਰੀ ਲਹਿਰ ਨਾਲ ਜੁੜੇ ਕਾਰਕੁਨਾਂ ਨੇ ਦੇਖਭਾਲ ਦੇ ਕੰਮ ਅਤੇ ਵਿ-ਦਿਆਰਥੀਆਂ ਦੀ ਨਿਰੰਤਰ ਸਿੱਖਿਆ ਵਿੱਚ ਮਹੱਤਵਪੂਰਨ ਮਦਦ ਪ੍ਰਦਾਨ ਕੀਤੀ। ਇਸਦੀ ਇੱਕ ਮਹੱਤਵਪੂਰਨ ਮਿਸਾਲ ਨੈੱਟਵਰਕ ਪ੍ਰੋਜੈਕਟ ਹੈ, ਜੋ ਕਿ ਕੰਨੂਰ ਜ਼ਿਲ੍ਹੇ ਦੇ ਕਬਾਇਲੀ ਖੇਤਰਾਂ ਵਿੱਚ ਸਮਾਜਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ। ਇਹ ਪ੍ਰੋਜੈਕਟ ਸੀਪੀਆਈ(ਐਮ) ਦੇ ਨੇਤਾ ਅਤੇ ਰਾਜ ਸਭਾ ਮੈਂਬਰ ਡਾ. ਵੀ. ਸਿਵਾਦਸਨ ਦੁਆਰਾ ਸ਼ੁਰੂ ਕੀਤਾ ਗਿਆ ਸੀ ਅਤੇ ਜਲਦੀ ਹੀ ਇਹ ਪੀਪਲਜ਼ ਮਿਸ਼ਨ ਫਾਰ ਸੋਸ਼ਲ ਡਿਵੈ-ਲਪਮੈਂਟ (ਪੀਐਮਐਸਡੀ) ਟਰੱਸਟ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ। ਇਹ ਟਰੱਸਟ ਕੰਨੂਰ ਜ਼ਿਲ੍ਹਾ ਲਾਇਬ੍ਰੇਰੀ ਕੌਂਸਲ ਦੇ ਅਧੀਨ ਕੰਮ ਕਰਦਾ ਹੈ, ਜਿਸਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਇਸਦੇ ਮੁੱਖ ਸਰਪ੍ਰਸਤ ਹਨ ਅਤੇ ਸਿਵਾਦਸਨ ਇਸਦੇ ਪ੍ਰਧਾਨ ਹਨ। ਪੀਐਮਐ-

ਸਡੀ ਹਰੇਕ ਵਾਰਡ ਵਿੱਚ ਇੱਕ ਲਾਇਬ੍ਰੇਰੀ ਸਥਾਪਤ ਕਰਨ ਵਿੱਚ ਸਹਾਇਤਾ ਕਰਨ ਦਾ ਸੰਕਲਪ ਲੈਂਦਾ ਹੈ। ਇਸ ਤੋਂ ਬਿਨਾ, ਪੀਐਮਐਸਡੀ ਨੇ ਕੰਨੂਰ ਯੂਨੀਵਰਸਿਟੀ ਅਤੇ ਕੇਰਲ ਦੀ ਲਾਇਬ੍ਰੇਰੀ ਕੌਂਸਲ ਦੇ ਸਹਿਯੋਗ ਨਾਲ ਜਨਵਰੀ 2023 ਵਿੱਚ ਪਹਿਲੀ ਇੰਡੀਅਨ ਲਾਇਬ੍ਰੇਰੀ ਕਾਂਗਰਸ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਪੰਜ ਲੱਖ ਲੋਕਾਂ ਨੇ ਭਾਗ ਲਿਆ। ਕਾਂਗਰਸ ਦੀ ਤਿਆਰੀ ਲਈ, ਪ੍ਰਬੰਧਕਾਂ ਨੇ ਵੱਖ-ਵੱਖ ਵਿਸ਼ਿਆਂ 'ਤੇ 1,500 ਸੈਮੀਨਾਰ ਕਰਵਾਏ। ਭਾਗੀਦਾਰਾਂ ਵਿੱਚ 3,000 ਲਾਇਬ੍ਰੇਰੀਅਨ, ਨਾਲ ਹੀ ਸਥਾਨਕ ਸਵੈ-ਸਰਕਾਰੀ ਸੰਸਥਾਵਾਂ ਦੇ ਕਰਮਚਾਰੀ, ਸਰਕਾਰੀ ਅਧਿਕਾਰੀ, ਸਹਿਕਾਰੀ ਕਰਮਚਾਰੀ, ਵਿਦਿਆਰਥੀ, ਅਧਿਆਪਕ ਅਤੇ ਹੋਰ ਲੋਕ ਸ਼ਾਮਲ ਸਨ।

ਇੰਡੀਅਨ ਲਾਇਬ੍ਰੇਰੀ ਕਾਂਗਰਸ ਵੱਖ-ਵੱਖ ਰਾਜਾਂ ਵਿੱਚ ਆਯੋਜਿਤ ਇੱਕ ਸਾਲਾਨਾ ਸਮਾਗਮ ਬਣ ਗਿਆ ਹੈ। ਇਸਦਾ ਉਦੇਸ਼ ਹੇਠ ਲਿਖੇ ਵਿਚਾਰਾਂ ਨੂੰ ਉਤਸ਼ਾਹਿਤ ਕਰਨਾ ਹੈ:

1. ਲਾਇਬ੍ਰੇਰੀਆਂ ਵੱਧ ਤੋਂ ਵੱਧ ਥਾਵਾਂ 'ਤੇ ਸ਼ੁਰੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿੱਥੇ ਕਿਤਾਬਾਂ ਦੇ ਭੰਡਾਰ ਦੇ ਨਾਲ-ਨਾਲ ਉੱਨਤ ਤਕਨਾਲੋਜੀ ਵੀ ਵੱਧ ਤੋਂ ਵੱਧ ਉਪਲਬਧ ਹੋਵੇ।

2. ਲਾਇਬ੍ਰੇਰੀਆਂ ਸਿਰਫ਼ ਸ਼ਹਿਰੀ ਖੇਤਰਾਂ ਵਿੱਚ ਹੀ ਨਹੀਂ ਸਗੋਂ ਪੇਂਡੂ ਅਤੇ ਦੂਰ-ਦੁਰਾ-ਡੇ ਖੇਤਰਾਂ ਵਿੱਚ ਵੀ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਵੇਂ ਕਿ ਉੱਤਰ-ਪੂਰਬੀ ਕੇਰਲ ਦੇ ਵਾਇਨਾਡ ਦੇ ਪਹਾੜੀ ਖੇਤਰ ਵਿੱਚ।

3. ਲਾਇਬ੍ਰੇਰੀਆਂ ਨੂੰ ਲੋਕਾਂ ਲਈ ਇੱਕ ਮਹੱਤਵਪੂਰਨ ਅਤੇ ਸਰਗਰਮ ਜਨਤਕ ਸਥਾਨ ਬਣਨਾ ਚਾਹੀਦਾ ਹੈ, ਜੋ ਫਿਲਮ ਸਕ੍ਰੀਨਿੰਗ, ਖੇਡਾਂ, ਕਲਾ ਮੇਲਿਆਂ ਅਤੇ ਕਿੱਤਾਮੁਖੀ ਸਿਖਲਾਈ ਵਰਗੀਆਂ ਗਤੀਵਿਧੀਆਂ ਰਾਹੀਂ ਸੱਭਿਆਚਾਰਕ ਵਿਕਾਸ ਲਈ ਭਰਪੂਰ ਮੌਕੇ ਪ੍ਰਦਾਨ ਕਰਨ। ਸਿਹਤ ਕੇਂਦਰ ਅਤੇ ਵਿਗਿਆਨ ਕੇਂਦਰ ਲਾਇਬ੍ਰੇਰੀਆਂ ਦੇ ਆਲੇ-ਦੁਆਲੇ ਸਥਾਪਤ ਕੀਤੇ ਜਾਣੇ ਚਾਹੀਦੇ ਹਨ।[22]

ਲਾਇਬ੍ਰੇਰੀ ਲਹਿਰ ਮਿਹਨਤਕਸ਼ ਲੋਕਾਂ ਦੀ ਸਖ਼ਤ ਮਿਹਨਤ ਨਾਲ ਕਾਇਮ ਹੈ। ਉਨ੍ਹਾਂ ਵਿੱਚੋਂ ਇੱਕ ਹੈ ਪਯਨੂਰ ਅੰਨੂਰ ਦਾ ਰਹਿਣ ਵਾਲਾ ਰਾਜਨ ਵੀ.ਪੀ., ਜਿਸਨੇ ਛੇਵੀਂ ਜਮਾਤ ਤੱਕ ਪੜ੍ਹਾਈ ਕੀਤੀ ਅਤੇ ਇੱਕ ਬੀੜੀ ਮਜ਼ਦੂਰ ਸੀ। ਜਦੋਂ ਰਾਜਨ ਨੇ ਛੋਟੀ ਉਮਰ ਵਿੱਚ ਇੱਕ ਬੀੜੀ ਫੈਕਟਰੀ ਵਿੱਚ ਕੰਮ ਕਰਨਾ ਸ਼ੁਰੂ ਕੀਤਾ, ਤਾਂ ਉਹ ਉੱਥੋਂ ਦੇ ਮਜ਼ਦੂਰਾਂ ਦੀ ਪੜ੍ਹਨ ਦੀ ਆਦਤ ਤੋਂ ਬਹੁਤ ਪ੍ਰਭਾਵਿਤ ਹੋਇਆ। ਦੁਪਹਿਰ ਦੇ ਖਾਣੇ ਤੋਂ ਪਹਿਲਾਂ ਕਾਮੇ ਇੱਕ ਦੂਜੇ ਨੂੰ ਰੋਜ਼ਾਨਾ ਦੀਆਂ ਖ਼ਬਰਾਂ ਪੜ੍ਹਦੇ ਸਨ ਅਤੇ ਦੁਪਹਿਰ ਦੇ ਖਾਣੇ ਤੋਂ ਬਾਅਦ ਉਹ ਇੱਕ ਨਾਵਲ ਪੜ੍ਹਦੇ ਸਨ। ਇਹ ਕਿਊਬਨ ਸਿਗਾਰ ਫੈਕਟਰੀਆਂ ਵਿੱਚ ਵੀ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ, ਰੋਜ਼ਾਨਾ ਅਖ਼ਬਾਰਾਂ ਅਤੇ ਨਾਵਲ ਪੜ੍ਹਨ ਨਾਲ ਰਾਜਨ ਨੂੰ ਅੱਗੇ ਪੜ੍ਹਾਈ ਕਰਨ ਲਈ ਪ੍ਰੇਰਨਾ ਮਿਲੀ,

ਜਿਸ ਕਾਰਨ ਉਸਨੂੰ ਆਪਣੇ ਘਰ ਦੇ ਨੇੜ੍ਹੇ ਸਥਿਤ ਇੱਕ ਸਹਿਕਾਰੀ ਬੈਂਕ ਵਿੱਚ ਕਲਰਕ ਵਜੋਂ ਨਵੀਂ ਨੌਕਰੀ ਮਿਲ ਗਈ। ਉਹ 2008 ਤੱਕ ਬੈਂਕ ਦੇ ਮੈਨੇਜਰ ਰਹੇ। ਉਸ ਸਾਲ, ਰਾਜਨ ਨੇ ਪੀਪਲਜ਼ ਲਾਇਬ੍ਰੇਰੀ ਅਤੇ ਰੀਡਿੰਗ ਰੂਮ ਦੀ ਸਥਾਪਨਾ ਕੀਤੀ, ਜੋ ਹੁਣ ਸ਼ਹਿਰ ਵਿੱਚ ਸੱਭਿਆਚਾਰਕ ਜੀਵਨ ਦਾ ਕੇਂਦਰ ਬਣ ਗਿਆ ਹੈ।

ਲਾਇਬ੍ਰੇਰੀ ਲਹਿਰ ਦੀ ਇੱਕ ਹੋਰ ਵਿਲੱਖਣ ਆਗੂ ਸੱਠ ਸਾਲਾ ਰਾਧਾ ਵੀ.ਪੀ. ਹੈ। ਉਸਨੇ ਸੱਤਵੀਂ ਜਮਾਤ ਤੱਕ ਪੜ੍ਹਾਈ ਕੀਤੀ ਹੈ ਅਤੇ ਉਹ ਬੀੜੀ ਮਜ਼ਦੂਰ ਹੈ। ਬਹੁਤ ਛੋਟੀ ਉਮਰ ਤੋਂ ਹੀ ਉਸਨੂੰ ਘਰ ਦੇ ਕੰਮਾਂ ਦੀ ਜ਼ਿੰਮੇਵਾਰੀ ਲੈਣੀ ਪਈ। ਉਸਨੇ ਬਚਪਨ ਵਿੱਚ ਹੀ ਸੀਪੀਆਈ (ਐਮ) ਦਾ ਹਫਤਾਵਾਰੀ ਮੈਗਜ਼ੀਨ ਦੇਸ਼ਭਿਮਾਨੀ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਉਸਨੇ ਮੈਗਜ਼ੀਨ ਵਿੱਚ ਸ਼ਾਮਲ ਕਹਾਣੀਆਂ ਅਤੇ ਕਵਿਤਾਵਾਂ 'ਤੇ ਟਿੱਪਣੀਆਂ ਕਰਦੇ ਹੋਏ ਸੰਪਾਦਕਾਂ ਨੂੰ ਚਿੱਠੀਆਂ ਵੀ ਲਿਖੀਆਂ। 2002 ਵਿੱਚ, ਰਾਧਾ 'ਜਵਾਹਰ ਮੂਵਿੰਗ ਲਾਇਬ੍ਰੇਰੀ' ਵਿੱਚ ਸ਼ਾਮਲ ਹੋ ਗਈ। ਇਹ ਲਾਇਬ੍ਰੇਰੀ, 2001 ਵਿੱਚ ਸ਼ੁਰੂ ਹੋਈ, ਅਤੇ ਪਾਠਕਾਂ, ਖਾਸ ਕਰਕੇ ਔਰਤਾਂ ਅਤੇ ਬਜ਼ੁਰਗਾਂ ਦੇ ਘਰਾਂ ਤੱਕ ਕਿਤਾਬਾਂ ਪਹੁੰਚਾਉਂਦੀ ਹੈ। ਕੰਮ ਤੋਂ ਬਾਅਦ, ਰਾਧਾ ਘਰ-ਘਰ ਜਾ ਕੇ ਕਿਤਾਬਾਂ ਪਹੁੰਚਾਉਣ ਲੱਗ ਪਈ, ਇੱਕ ਹੱਥ ਵਿੱਚ ਲਾਇਬ੍ਰੇਰੀ ਰਜਿਸਟਰ ਅਤੇ ਮੋਢੇ 'ਤੇ ਕਿਤਾਬਾਂ ਨਾਲ ਭਰਿਆ ਬੈਗ। ਜਲਦੀ ਹੀ ਸਥਾਨਕ ਲੋਕਾਂ ਲਈ ਉਸਨੂੰ ਇਸ ਰੂਪ ਵਿੱਚ ਆਉਂਦੇ ਦੇਖਣਾ ਖੁਸ਼ੀ ਦਾ ਕਾਰਨ ਬਣ ਗਿਆ। 2018 ਵਿੱਚ, ਉਸਨੇ ਦਸਵੀਂ ਜਮਾਤ ਪੂਰੀ ਕੀਤੀ ਅਤੇ ਉੱਚ ਸਿੱਖਿਆ ਲਈ ਲੋੜੀਂਦੀ ਰਾਜ ਪ੍ਰੀਖਿਆ ਪਾਸ ਕੀਤੀ। ਪੜ੍ਹਾਈ ਅਤੇ ਕੰਮ ਦੇ ਵਿਚਕਾਰ ਵੀ, ਲਾਇਬ੍ਰੇਰੀ ਪ੍ਰਤੀ ਉਸਦੀ ਵਚਨਬੱਧਤਾ ਕਦੇ ਘੱਟ ਨਹੀਂ ਹੋਈ। ਉਹ ਕਹਿੰਦੀ ਹੈ, 'ਮੈਨੂੰ ਇਹ ਕੰਮ ਕਰਨਾ ਪਸੰਦ ਹੈ। ਮੈਨੂੰ ਕਦੇ ਵੀ ਆਪਣਾ ਬੈਗ ਭਾਰੀ ਨਹੀਂ ਲੱਗਿਆ, ਕਿਉਂਕਿ ਕਿਤਾਬਾਂ ਦੀ ਮਿੱਠੀ ਖੁਸ਼ਬੂ ਮੈਨੂੰ ਹਮੇਸ਼ਾ ਬਹੁਤ ਖੁਸ਼ ਕਰਦੀ ਸੀ'।[23]

ਰਾਜਨ ਅਤੇ ਰਾਧਾ ਵਰਗੇ ਕਿਰਤੀ ਲੋਕ ਕੇਰਲ ਦੀ ਲਾਇਬ੍ਰੇਰੀ ਲਹਿਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮਨੁੱਖੀ ਕਿਰਤ ਦੇ ਪ੍ਰਤੀਕ ਹਨ।




ਇਲਸਟ੍ਰੇਸ਼ਨ: ਸਲਵਾਟੋਰ ਕਾਰਲੀਓ (ਇਟਲੀ/ਪੋਟੇਰੇ ਅਲ ਪੋਪੋਲੋ!)

# ਜਪਾਨ ਤੋਂ ਚੰਦਰਮਾ ਤੱਕ ਮਨਾਇਆ ਜਾਵੇਗਾ ਰੈੱਡ ਬੁੱਕਸ ਡੇ

21 ਫਰਵਰੀ, 2019 ਨੂੰ, ਸੀਪੀਆਈ(ਐਮ) ਨਾਲ ਸਬੰਧਤ ਪ੍ਰਕਾਸ਼ਕਾਂ ਦੇ ਸਮੂਹ ਇੰਡੀਅਨ ਸੋਸਾਇਟੀ ਫਾਰ ਲੈਫਟ ਪਬਲਿਸ਼ਰਜ਼ ਨੇ ਇੱਕ ਮੁਹਿੰਮ ਸ਼ੁਰੂ ਕੀਤੀ ਜਿਸਨੂੰ ਹੁਣ ਰੈੱਡ ਬੁੱਕਸ ਡੇ ਵਜੋਂ ਜਾਣਿਆ ਜਾਂਦਾ ਹੈ। ਕਮਿਊਨਿਸਟ ਮੈਨੀਫੈਸਟੋ ਦੇ ਪ੍ਰਕਾਸ਼ਨ ਦੀ 171ਵੀਂ ਵਰ੍ਹੇਗੰਢ ਅਤੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣ ਲਈ ਆਯੋਜਿਤ ਇਸ ਸਮਾਗਮ ਦਾ ਉਦੇਸ਼ ਧਰਮ ਨਿਰਪੱਖ, ਸੱਭਿਆਚਾਰਕ ਅਤੇ ਸਮਾਜਵਾਦੀ ਸਿਧਾਂਤਾਂ ਦੇ ਅਨੁਸਾਰ ਸਮੂਹਿਕ ਜੀਵਨ ਨੂੰ ਵਿਕਸਤ ਕਰਨਾ ਸੀ। ਰੈੱਡ ਬੁੱਕਸ ਡੇ ਨੇ ਦੁਨੀਆ ਭਰ ਦੇ ਪ੍ਰਕਾਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਅਤੇ ਅਗਲੇ ਸਾਲ, 2020 ਵਿੱਚ, ਇਸਨੂੰ ਦੱਖਣੀ ਕੋਰੀਆ ਤੋਂ ਕਿਊਬਾ ਤੱਕ 30,000 ਤੋਂ ਵੱਧ ਲੋਕਾਂ ਦੁਆਰਾ ਮਨਾਇਆ ਗਿਆ।[24] 2024 ਦੇ ਰੈੱਡ ਬੁੱਕਸ ਡੇ ਨੂੰ ਮਨਾਉਣ ਲਈ ਇੰਡੋਨੇਸ਼ੀਆ ਤੋਂ ਚਿਲੀ ਤੱਕ ਦੇ ਸਮਾਗਮਾਂ ਵਿੱਚ 10 ਲੱਖ ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ। ਇਕੱਲੇ ਕੇਰਲ ਵਿੱਚ, ਪੰਜ ਲੱਖ ਲੋਕਾਂ ਨੇ ਵੱਖ-ਵੱਖ ਸ਼ਹਿਰਾਂ ਅਤੇ ਜ਼ਿਲ੍ਹਿਆਂ ਵਿੱਚ ਆਯੋਜਤ ਗਤੀਵਿਧੀਆਂ ਵਿੱਚ ਹਿੱਸਾ ਲਿਆ।[25]

2020 ਵਿੱਚ, ਪਹਿਲੀ ਵਾਰ, ਇਹ ਦਿਵਸ ਭਾਰਤ ਤੋਂ ਬਾਹਰ ਮਨਾਇਆ ਗਿਆ। ਉਸ ਦਿਨ, ਤਮਿਲਨਾਡੂ ਵਿੱਚ ਕਿਸਾਨ ਸੰਗਠਨਾਂ ਅਤੇ ਟਰੇਡ ਯੂਨੀਅਨਾਂ ਦੇ ਮੈਂਬਰਾਂ ਨੇ ਆਪਣੇ-ਆਪਣੇ ਪਿੰਡਾਂ ਦੀਆਂ ਗਲੀਆਂ ਵਿੱਚ ਇਕੱਠੇ ਹੋਕੇ ਕਮਿਊਨਿਸਟ ਮੈਨੀਫੈਸਟੋ 'ਤੇ ਗਰੁੱਪ ਚਰਚਾ ਕੀਤੀ। ਬ੍ਰਾਜ਼ੀਲ ਦੇ ਭੂਮੀਹੀਣ ਮਜ਼ਦੂਰ ਅੰਦੋਲਨ (MST) ਦੀਆਂ ਬਸਤੀਆਂ ਵਿੱਚ ਕਾਰਨੀਵਲ ਜਸ਼ਨਾਂ ਦੌਰਾਨ, ਅੰਦੋਲਨ ਦੇ ਮੈਂਬਰਾਂ ਨੇ ਇਕੱਠੇ ਹੋਕੇ ਮੈਨੀਫੈਸਟੋ ਪੜ੍ਹਿਆ। ਨੇਪਾਲ ਦੀਆਂ ਪਹਾੜੀਆਂ ਵਿੱਚ ਖੇਤੀਬਾੜੀ ਮਜ਼ਦੂਰ ਯੂਨੀਅਨ ਨੇ ਆਪਣੇ ਸੰਗਠਨ ਦੁਆਰਾ ਪ੍ਰਕਾਸ਼ਿਤ ਇਨਕਲਾਬੀ ਕਿਤਾਬਾਂ 'ਤੇ ਚਰਚਾ ਕੀਤੀ। ਤਨਜ਼ਾਨੀਆ ਵਿੱਚ ਬੇਜ਼ਮੀਨੇ ਕਿਸਾਨ ਸਾਖਰਤਾ ਦੀ ਮਹੱਤਤਾ ਬਾਰੇ ਗੱਲ ਕਰਨ ਲਈ ਇਕੱਠੇ ਹੋਏ।

2024 ਵਿੱਚ, ਕਿਊਬਾ ਵਿੱਚ ਦਸ ਦਿਨਾਂ ਹਵਾਨਾ ਪੁਸਤਕ ਮੇਲੇ ਦੌਰਾਨ 21 ਫਰਵਰੀ ਨੂੰ ਰੈੱਡ ਬੁੱਕਸ ਡੇ ਮਨਾਉਣ ਲਈ ਵਿਸ਼ੇਸ਼ ਗਤੀਵਿਧੀਆਂ ਆਯੋਜਤ ਕੀਤੀਆਂ ਗਈਆਂ ਸਨ। ਕੇਰਲ ਵਿੱਚ, ਚਿੰਮ ਪਾਰਵਤੀ ਨੇ ਇੱਕ ਰੈੱਡ ਬੁੱਕਸ ਡੇ ਵੀਡੀਓ ਜਾਰੀ ਕੀਤਾ ਜਿਸ ਵਿੱਚ ਉਹ ਤ੍ਰਿਵੇਂਦਰਮ ਦੇ ਬਾਜ਼ਾਰਾਂ ਅਤੇ ਫੈਕਟਰੀਆਂ ਵਿੱਚ 'ਇੰਟਰਨੈਸ਼ਨੇਲ' ਦੇ ਫ੍ਰੈਂਚ ਸੰਸਕਰਣ 'ਤੇ ਨੱਚਦੀ ਦਿਖਾਈ ਦੇ ਰਹੀ ਹੈ। ਵੀਡੀਓ ਦੇ ਅੰਤ ਵਿੱਚ ਚਿੰਮ ਪਾਰਵਤੀ ਹੱਥ 'ਚ ਲਾਲ ਝੰਡਾ ਫੱੜ ਕੇ ਸਮੁੰਦਰ ਦੇ ਕੰਢੇ ਖੜ੍ਹੀ ਹੈ, ਅਤੇ ਪਿੱਛੇ ਦੂਰੀ ਤੇ ਲਾਲ ਸੂਰਜ ਹੈ। ਇਸ ਵੀਡੀਓ ਦੇ ਨਾਲ, ਦੁਨੀਆ ਭਰ ਦੇ ਕਲਾਕਾਰਾਂ ਨੇ ਆਪਣੇ ਪੋਸਟਰ ਜਾਰੀ ਕੀਤੇ, ਤਾਂ ਜੋ ਵੱਧ ਤੋਂ ਵੱਧ ਲੋਕ ਆਪਣੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਇਸ ਦਿਨ ਨੂੰ ਮਨਾਉਣ ਲਈ ਪੜ੍ਹਨ ਦੇ ਸੈਸ਼ਨਾਂ ਜਾਂ ਹੋਰ ਗਤੀਵਿਧੀਆਂ ਦਾ ਆਯੋਜਨ ਕਰਨ ਲਈ ਪ੍ਰੇਰਿਤ ਹੋ ਸਕਣ।

ਇੰਡੀਅਨ ਸੋਸਾਇਟੀ ਆਫ਼ ਲੈਫਟ ਪਬਲਿਸ਼ਰਜ਼ ਨੇ 2020 ਵਿੱਚ ਰੈੱਡ ਬੁੱਕਸ ਡੇ ਦੇ ਪਹਿਲੇ ਅੰਤਰਰਾਸ਼ਟਰੀ ਜਸ਼ਨ ਦੀ ਤਿਆਰੀ ਲਈ ਦੁਨੀਆ ਭਰ ਦੇ ਪ੍ਰਕਾਸ਼ਕਾਂ ਨਾਲ ਮੀਟਿੰਗਾਂ ਕੀਤੀਆਂ। ਇਹਨਾਂ ਮੀਟਿੰਗਾਂ ਦੇ ਨਤੀਜੇ ਵਜੋਂ ਇੰਟਰਨੈਸ਼ਨਲ ਯੂਨੀਅਨ ਆਫ਼ ਲੈਫਟ ਪਬ-ਲਿਸ਼ਰਜ਼ (IULP) ਦਾ ਗਠਨ ਹੋਇਆ, ਜਿਸ ਵਿੱਚ ਹੁਣ ਪੈਂਤਾਲੀ ਪ੍ਰਕਾਸ਼ਕ ਹਨ।[26] IULP ਦੀ ਸਥਾਪਨਾ ਸਿਰਫ਼ ਰੈੱਡ ਬੁੱਕਸ ਡੇ ਮਨਾਉਣ ਲਈ ਨਹੀਂ ਕੀਤੀ ਗਈ ਸੀ, ਸਗੋਂ ਖੱਬੇ-ਪੱਖੀ ਪ੍ਰਕਾਸ਼ਕਾਂ ਨੂੰ ਸੱਜੇ-ਪੱਖੀ ਹਮਲਿਆਂ ਤੋਂ ਬਚਾਉਣ ਅਤੇ ਤਰਕਸ਼ੀਲ ਅਤੇ ਸਮਾਜਵਾਦੀ ਵਿਚਾਰਾਂ ਨੂੰ ਉਤ-ਸ਼ਾਹਿਤ ਕਰਨ ਲਈ ਇੱਕ ਮੰਚ ਪ੍ਰਦਾਨ ਕਰਨ ਲਈ ਕੀਤੀ ਗਈ ਸੀ। IULP ਨੇ ਰੈੱਡ ਬੁੱਕਸ ਡੇ ‘ਤੇ ਹੀ ਕਈ ਭਾਸ਼ਾਵਾਂ ਵਿੱਚ ਸਾਂਝੀਆਂ ਕਿਤਾਬਾਂ ਵੀ ਜਾਰੀ ਕੀਤੀਆਂ ਹਨ। ਇਨ੍ਹਾਂ ਵਿੱਚ ਚੇ ਗਵੇਰਾ ਦੀਆਂ ਲਿਖਤਾਂ ਦਾ ਸੰਗ੍ਰਹਿ ਅਤੇ ਪੈਰਿਸ ਕਮਿਊਨ ਵਰਗੀਆਂ ਕਿਤਾਬਾਂ ਸ਼ਾਮਲ ਹਨ, ਜੋ ਰੋਮਾਨੀਆਈ ਅਤੇ ਇੰਡੋਨੇਸ਼ੀਆਈ ਭਾਸ਼ਾਵਾਂ ਵਿੱਚ ਇੱਕੋ ਦਿਨ ਪ੍ਰਕਾਸ਼ਿਤ ਹੋਈਆਂ ਸਨ।[27] ਇਸ ਦੇ ਨਾਲ ਹੀ, ਜਦੋਂ ਵੀ ਲੇਖਕਾਂ ਜਾਂ ਪ੍ਰਕਾਸ਼ਕਾਂ ‘ਤੇ ਹਮਲਾ ਹੋਇਆ ਹੈ, IULP ਨੇ ਉਨ੍ਹਾਂ ਦੇ ਬਚਾਅ ਵਿੱਚ ਸਾਂਝੇ ਬਿਆਨ ਜਾਰੀ ਕੀਤੇ ਹਨ।

ਚੇਮ ਪਾਰਵਤੀ ਦੀ ਰੇਡ ਬੁਕਸ ਦੇ ਵਿਦਿਯੋ ਦੇਖੋ


ਲਾਇਬ੍ਰੇਰੀ ਅੰਦੋਲਨ ਦੁਆਰਾ ਹਰ ਸਾਲ ਕੇਰਲ ਦੀਆਂ ਵੱਖ-ਵੱਖ ਜਨਤਕ ਲਾਇਬ੍ਰੇਰੀਆਂ ਵਿੱਚ ਰੈੱਡ ਬੁੱਕਸ ਡੇ ਪ੍ਰੋਗਰਾਮ ਆਯੋਜਤ ਕੀਤੇ ਜਾਂਦੇ ਹਨ। ਗੀਤ ਅਤੇ ਨਾਟਕ ਇਨ੍ਹਾਂ ਪ੍ਰੋਗਰਾਮਾਂ ਦਾ ਇੱਕ ਮਹੱਤਵਪੂਰਨ ਹਿੱਸਾ ਹਨ, ਜਿਨ੍ਹਾਂ ਰਾਹੀਂ ਲੱਖਾਂ ਲੋਕ ਤਰਕਸ਼ੀਲਤਾ ਅਤੇ ਸਮਾਜਵਾਦ ਦੇ ਮਾਰਗ ‘ਤੇ ਚੱਲਣ ਲਈ ਨਵੀਂ ਊਰਜਾ ਪ੍ਰਾਪਤ ਕਰਦੇ ਹਨ।

ਰੈੱਡ ਬੁੱਕਸ ਡੇ ਇਨਕਲਾਬੀ ਕਿਤਾਬਾਂ ਲਿਖਣ, ਪ੍ਰਕਾਸ਼ਿਤ ਕਰਨ ਅਤੇ ਪੜ੍ਹਨ ਦੇ ਅਧਿਕਾਰ ਦੀ ਰੱਖਿਆ ਕਰਨ ਦੇ ਨਾਲ ਤਰਕ ‘ਤੇ ਹਮਲਾ ਕਰਨ ਵਾਲੇ ਪ੍ਰਚਲਿਤ ਰੂੜ੍ਹੀਵਾਦੀ ਵਿਚਾਰਾਂ ਖਿਲਾਫ ਲੜਨ ਲਈ ਇੱਕ ਵਿਸ਼ਾਲ ਸੱਭਿਆਚਾਰਕ ਸੰਘਰਸ਼ ਦਾ ਹਿੱਸਾ ਹੈ। ਉਮੀਦ ਹੈ ਕਿ ਇਹ ਦਿਨ ਨਾ ਸਿਰਫ਼ IULP ਦੇ ਕੈਲੰਡਰ ਵਿੱਚ, ਸਗੋਂ ਦੁਨੀਆ ਭਰ ਦੀਆਂ ਪ੍ਰਗਤੀਸ਼ੀਲ ਤਾਕਤਾਂ ਦੇ ਕੈਲੰਡਰ ਵਿੱਚ ਇੱਕ ਮਹੱਤਵਪੂਰਨ ਤਾਰੀਖ ਬਣ ਜਾਵੇਗਾ। ਜਿਵੇਂ-ਜਿਵੇਂ ਰੈੱਡ ਬੁੱਕਸ ਡੇ ਮਾਨਤਾ ਪ੍ਰਾਪਤ ਕਰ ਰਿਹਾ ਹੈ ਅਤੇ ਪ੍ਰਗਤੀਸ਼ੀਲ ਤਾਕਤਾਂ ਦੇ ਕੈਲੰਡਰ ਵਿੱਚ ਜਗ੍ਹਾ ਪਾ ਰਿਹਾ ਹੈ, ਅਸੀਂ IULP ਅਤੇ ਖੱਬੇ-ਪੱਖੀ ਧਾਰਾਵਾਂ ਤੋਂ ਬਾਹਰਲੇ ਲੋਕਾਂ ਅਤੇ ਸੰਗਠਨਾਂ ਨੂੰ ਵੀ ਰੈੱਡ ਬੁੱਕਸ ਡੇ ਅਪਣਾਉਂਦੇ ਦੇਖ ਰਹੇ ਹਾਂ। ਸਾਨੂੰ ਉਮੀਦ ਹੈ ਕਿ ਇਸ ਦਹਾਕੇ ਦੇ ਅੰਤ ਤੱਕ ਦੁਨੀਆ ਭਰ ਵਿੱਚ ਇੱਕ ਕਰੋੜ ਤੋਂ ਵੱਧ ਲੋਕ ਰੈੱਡ ਬੁੱਕਸ ਡੇ ਵਿੱਚ ਹਿੱਸਾ ਲੈਣਗੇ।

1930 ਦੇ ਦਹਾਕੇ ਵਿੱਚ ਉੱਤਰੀ ਕਾਕੇਸ਼ਸ ਵਿੱਚ ਜਾਰਜੀਵਸਕੀ ਸਮੂਹਿਕ ਫਾਰਮ ਦੀਆਂ ਔਰਤਾਂ ਨੇ ਸੋਵੀਅਤ ਸਰਕਾਰ ਨੂੰ ਇੱਕ ਪੱਤਰ ਲਿਖਿਆ। ਓਹਨਾ ਨੇ ਲਿਖਿਆ, 'ਸਾਨੂੰ ਵੱਡੇ ਫਾਰਮਾਂ ਨੂੰ ਸਹੀ ਢੰਗ ਨਾਲ ਚਲਾਉਣ ਲਈ ਪੜ੍ਹਾਈ ਕਰਨੀ ਚਾਹੀਦੀ ਹੈ।' ਅਸੀਂ ਸਾਰੀ ਸਰਦੀਆਂ ਪੜ੍ਹਾਈ ਕਰਨਾ ਚਾਹੁੰਦੇ ਹਾਂ; ਪੜ੍ਹਨਾ ਅਤੇ ਲਿਖਣਾ ਸਿੱਖਣਾ ਚਾਹੁੰਦੇ ਹਾਂ; ਰਾਜ-ਨੀਤਿਕ ਗਿਆਨ ਅਤੇ ਵਿਗਿਆਨਕ ਖੇਤੀਬਾੜੀ ਦੇ ਮੂਲ ਸਿਧਾਂਤਾਂ ਦਾ ਅਧਿਐਨ ਕਰਨਾ ਚਾਹੁੰਦੇ ਹਾਂ। ਸਾਨੂੰ ਹੋਰ ਕਿਤਾਬਾਂ ਅਤੇ ਨੋਟਬੁੱਕਾਂ ਦਿਓ, ਕਿਉਂਕਿ ਔਰਤਾਂ ਨੂੰ ਪੜ੍ਹਾਈ ਕਰਨ ਦੀ ਬਹੁਤ ਇੱਛਾ ਹੈ।' ਇਨ੍ਹਾਂ ਵਿੱਚੋਂ ਇੱਕ ਔਰਤ, ਫੇਕਲਾ ਗੋਲੋਵਚੇਂਕੋ (ਜੋ ਲਗਭਗ ਪੰਜਾਹ ਸਾਲ ਦੀ ਸੀ), ਨੇ ਲਿਖਿਆ: 'ਜੇਕਰ ਮੈਂ ਪੂਰੀ ਤਰ੍ਹਾਂ ਸਿੱਖਿਅਤ ਨਹੀਂ ਹਾਂ, ਤਾਂ ਮੈਂ ਆਪਣੀ ਬ੍ਰਿਗੇਡ ਦਾ ਪ੍ਰਬੰਧਨ ਨਹੀਂ ਕਰ ਸਕਾਂਗੀ।' ਔਰਤਾਂ ਨੇ ਲਿਖਿਆ: 'ਸਿੱਖਿਆ ਹੁਣ ਕੋਈ ਲਗਜ਼ਰੀ ਨਹੀਂ ਰਹੀ। ਹੁਣ ਇਹ ਇੱਕ ਬਹੁਤ ਜ਼ਰੂਰੀ ਲੋੜ ਹੈ, ਜਿਵੇਂ ਪਿਆਸੇ ਮਨੁੱਖ ਲਈ ਪਾਣੀ ਜ਼ਰੂਰੀ ਹੁੰਦਾ ਹੈ'।[28]

ਜਾਰਜੀਵਸਕੀ ਦੀਆਂ ਔਰਤਾਂ ਦੇ ਸ਼ਬਦ ਮੈਕਸੀਕੋ ਦੀ ਬ੍ਰਿਗੇਡ (ਬ੍ਰਿਗਾਡਾ ਪੈਰਾ ਲੀਅਰ ਐਨ ਲਿਬਰਟਾਡ) ਦੀ ਸੰਸਥਾਪਕ, ਪਾਲੋਮਾ ਸਾਈਜ਼ ਤੇਜੇਰੋ ਦੇ ਸ਼ਬਦਾਂ ਨੂੰ ਗੂੰਜਦੇ ਹਨ, ਜਿਨ੍ਹਾਂ ਨੇ ਕਿਹਾ ਸੀ:

> ਪਾਠਕਾਂ ਦਾ ਆਲੋਚਨਾਤਮਕ ਦ੍ਰਿਸ਼ਟੀਕੋਣ ਹੁੰਦਾ ਹੈ ਅਤੇ ਉਹ ਮਹਾਨ ਆਦਰਸ਼ਾਂ ਦੀ ਵਕਾਲਤ ਕਰਦੇ ਹਨ। ਜਿਹੜੇ ਲੋਕ ਆਪਣੇ ਇਤਿਹਾਸ ਨੂੰ ਜਾਣਦੇ ਹਨ ਅਤੇ ਇਸਨੂੰ ਆਪਣੀ ਵਿਰਾਸਤ ਸਮਝਦੇ ਹਨ, ਉਹ ਜ਼ਰੂਰ ਆਪਣੀਆਂ ਜੜ੍ਹਾਂ 'ਤੇ ਮਾਣ ਕਰਨਗੇ। ਪੜ੍ਹਨਾ ਸਾਨੂੰ ਸਮਾਜਿਕ ਬਣਾਉਂਦਾ ਹੈ; ਸਾਡੇ ਅਨੁਭਵਾਂ ਅਤੇ ਜਾਣਕਾਰੀਆਂ ਨੂੰ ਅਮੀਰ ਬਣਾਉਂਦਾ ਹੈ। ਕਿਤਾਬਾਂ ਸਾਨੂੰ ਆਪਣੇ ਆਪ ਅਤੇ ਆਪਣੇ ਇਤਿਹਾਸ ਬਾਰੇ ਸਮਝ ਪ੍ਰਦਾਨ ਕਰਦੀਆਂ ਹਨ; ਕਿਤਾਬਾਂ ਸਾਡੇ ਭੂਤਕਾਲ ਅਤੇ ਵਰਤਮਾਨ ਨੂੰ ਸਮਝ ਕੇ ਸਾਡੀ ਚੇਤਨਾ ਨੂੰ ਅੱਗੇ ਵਧਾਉਂਦੀਆਂ ਹਨ। ਪੜ੍ਹਨਾ ਸਾਨੂੰ ਬਿਹਤਰ ਨਾਗਰਿਕ ਬਣਾਉਂਦਾ ਹੈ। ਕਿਤਾਬਾਂ ਰਾਹੀਂ ਹੀ ਅਸੀਂ ਅਸੰਭਵ ਵਿੱਚ ਵਿਸ਼ਵਾਸ ਕਰਨਾ, ਪ੍ਰਤੱਖ ਤੇ ਸਵਾਲ ਕਰਨਾ, ਨਾਗਰਿਕਾਂ ਵਜੋਂ ਆਪਣੇ ਅਧਿਕਾਰਾਂ ਦੀ ਮੰਗ ਕਰਨਾ ਅਤੇ ਆਪਣੇ ਫਰਜ਼ ਨਿਭਾਉਣਾ ਸਿੱਖਦੇ ਹਾਂ। ਪੜ੍ਹਨਾ ਵਿਅਕਤੀ ਦੇ ਨਿੱਜੀ ਅਤੇ ਸਮਾਜਿਕ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ; ਇਸ ਤੋਂ ਬਿਨਾਂ ਕੋਈ ਵੀ ਸਮਾਜ ਤਰੱਕੀ ਨਹੀਂ ਕਰ ਸਕਦਾ।




ਇਲਸਟ੍ਰੇਸ਼ਨ: ਇੰਗ੍ਰਿਡ ਨੇਵਸ (ਬ੍ਰਾਜ਼ੀਲ/ਟ੍ਰਾਈਕੌਂਟੀਨੈਂਟਲ: ਇੰਸਟੀਚਿਊਟ ਫਾਰ ਸੋਸ਼ਲ ਰਿਸਰਚ)

# Notes


1 John Reed, *Ten Days That Shook the World* (New Delhi: LeftWord Books, 2017), 53

2 Omar Martinez Legorreta, *Modernisation and Revolution in Mexico: A Comparative Approach* (Tokyo: United Nations University, 1989), 71.

3 James Presley, 'Mexican Views on Rural Education 1900-1910', *The Americas* 20, no. 1 (July 1963): 64-71.

4 Jacqueline Paola Ayala Zamora, *La obra educativa de José Vasconcelos* [ਜੋਸ ਵਾਸਕੋਨਸੇਲੋਸ ਦਾ ਵਿਦਿਅਕ ਕੰਮ] (Mexico City: Universidad Pedagógica Nacional, 2005).

5 José Vasconcelos, 'Education in Mexico: Present Day Tendencies', *Bulletin of the Pan American Union* 56, no. 3 (January–June 1923): 230-245.

6 Patience Alexandra Schell, *Church and State Education in Revolutionary Mexico City* (Tuscon: University of Arizona Press, 2003); Lloyd Hughes, *Las misiones culturales mexicanas y su programa* [ਮੈਕਸੀਕਨ ਸੱਭਿਆਚਾਰਕ ਮਿਸ਼ਨ ਅਤੇ ਉਨ੍ਹਾਂ ਦਾ ਪ੍ਰੋਗਰਾਮ] (Paris: UNESCO, 1950); Martha Eva Rocha Islas, *Los rostros de la rebeldía. Veteranas de la Revolución Mexicana, 1910-1939* [ਬਗਾਵਤ ਦੇ ਚਿਹਰੇ: ਮੈਕਸੀਕਨ ਇਨਕਲਾਬ ਦੀਆਂ ਮਹਿਲਾ ਵੈਟਰਨਜ਼, (1910-1939)] (Mexico City: Secretaría de Cultura, 2016); Paco Ignacio Taibo, *Bolcheviques: historia narrativa de los orígenes del comunismo en México -1919 1925* [ਬੋਲਸ਼ੇਵਿਕ: 1919-1925 ਦੇ ਮੈਕਸੀਕੋ ਵਿੱਚ ਕਮਿਊਨਿਜ਼ਮ ਦੇ ਮੂਲ ਦਾ ਇੱਕ ਬਿਰਤਾਂਤਕ ਇਤਿਹਾਸ] (Mexico City: Joaquín Mortiz, 1986).

7 Louise Schoenhals, 'Mexico Experiments in Rural and Primary Education, 1921-1930, *Hispanic American Historical Review* 44, no. 1 (1 February 1964): 22-43.

8 Elsa Margarita Ramírez Leyva, 'Mexico Reads: National Program for the Promotion of Reading and the Book' (paper presented at the World Library and Information Congress: 77th IFLA General Conference and Assembly, San Juan, Puerto Rico, 13–14 August 2011).

9 Ángel Vargas, '"Leer te hace mucho más crítico y te da armas para defenderte todos los días": Paloma Saiz' ['ਪੜ੍ਹਨਾ ਤੁਹਾਨੂੰ ਜ਼ਿਆਦਾ ਤਰਕਸ਼ੀਲ ਬਣਾਉਂਦਾ ਹੈ ਅਤੇ ਤੁਹਾਨੂੰ ਹਰ ਰੋਜ਼ ਆਪਣਾ ਬਚਾਅ ਕਰਨ ਲਈ ਹਥਿਆਰ ਦਿੰਦਾ ਹੈ': ਪਾਲੋਮਾ ਸਾਈਜ਼], La Jornada, 18 July 2024, https://www.jornada.com.mx/2024/07/18/cultura/a04n2cul.

10 '"The Single Greatest Educational Effort in Human History"', *Language Magazine* (blog), 8 November 2024, https://www.languagemagazine.com/the-single-greatest-educational-effort-in-human-history/.

11 Wang Yianwei and Li Jiyuan, *Reform in Literacy Education in China* (Geneva: UNESCO, International Bureau of Education, 1990).

12 Glen Peterson, The Power of Words: Literacy and Revolution in South China, 1949–1995 (Vancouver: University of British Columbia Press, 1997), 3.

13 ਇਸ ਡੋਜ਼ੀਅਰ ਵਿੱਚ ਅਸੀਂ ਸੋਵੀਅਤ ਯੂਨੀਅਨ ਦੇ ਸਾਖਰਤਾ ਮੁਹਿੰਮਾਂ ਬਾਰੇ ਵਿਸਥਾਰ ਵਿੱਚ ਚਰਚਾ ਨਹੀਂ ਕੀਤੀ ਹੈ, ਹਾਲਾਂਕਿ ਉਨ੍ਹਾਂ ਦੀ ਪ੍ਰਾਪਤੀ ਆਪਣੇ ਆਪ ਵਿੱਚ ਸ਼ਾਨਦਾਰ ਸੀ। ਸੋਵੀਅਤ ਯੂਨੀਅਨ ਦੇ ਸਾਖਰਤਾ ਅੰਕੜੇ ਪੂਰੀ ਕਹਾਣੀ ਨਹੀਂ ਦੱਸਦੇ; ਉਹ ਸਿਰਫ ਇਹ ਦਰਸਾਉਂਦੇ ਹਨ ਕਿ ਸੋਵੀਅਤ ਯੂਨੀਅਨ ਕਿੰਨੀ ਜਲਦੀ ਅਨਪੜ੍ਹਤਾ ਨੂੰ ਹਰਾਉਣ ਦੇ ਯੋਗ ਸੀ। ਸੋਵੀਅਤ ਯੂਨੀਅਨ ਨੇ ਜ਼ਾਰ ਸਾਮਰਾਜ ਦੇ ਪੁਰਾਣੇ ਪੇਂਡੂ ਇਲਾਕਿਆਂ ਵਿੱਚ ਖੁੱਲ੍ਹੇ ਖੇਤਾਂ ਵਿੱਚ ਝੌਂਪੜੀਆਂ (ਇਜ਼ਬੀ-ਚਿਟਲਨੀ) ਅਤੇ ਤੰਬੂ (ਯੂਰਟ) ਸਥਾਪਿਤ ਕੀਤੇ, ਜਿਨ੍ਹਾਂ ਵਿੱਚ ਡਾਕਟਰੀ ਕਰਮਚਾਰੀ ਅਤੇ ਸਾਖਰਤਾ ਕਰਮਚਾਰੀ ਨਿਯੁਕਤ ਕਿੱਤੇ ਗਏ। ਇਹ ਕਹਾਣੀ ਇੱਥੇ ਪੂਰੀ ਤਰ੍ਹਾਂ ਨਹੀਂ ਦੱਸੀ ਗਈ ਹੈ।

14 V. I. Lenin, 'The New Economic Policy', Lenin Collected Works, vol. 33, (Moscow: Progress Publishers, 1965), 78.

15 Heidi Ross, with contributions from Jingjing Lou, Lijing Yang, Olga Rybakova, and Phoebe Wakhunga, *China Country Study*, background paper commissioned for the *Education for All Global Monitoring Report 2006: Literacy for Life* (2005), UNESCO, 2006/ED/EFA/MRT/PI/85.

16 Peterson, *The Power of Words*, 85.

17 Priscilla C. Yu, 'Leaning to One Side: The Impact of the Cold War on Chinese Library Collections', *Libraries and Culture* 36, no. 1 (2001): 256; Zhixian Yi, 'History of Library Developments in China' (paper presented at the 'Future Libraries: Infinite Possibilities', session 164, Library History Special Interest Group, International Federation of Library Associations and Institutions Conference, Singapore, 15–23 August 2013), https://library.ifla.org/id/eprint/143/1/164-yi-en.pdf.

18 Xi Jinping, 'Full Text of Xi Jinping's Congratulatory Letter to the First National Conference on Reading', *China Daily*, 23 April 2022, https://www.chinadaily.com.cn/a/202204/23/WS6263ad99a310fd2b29e58dbf.html.

19 State Planning Board, Government of Kerala, 'Population and the Macro Economy', in Economic Review 2017 (Thiruvananthapuram: Government

of Kerala, January 2018), accessed 12 January 2025, https://spb.kerala.gov.in/economic-review/ER2017/web_e/ch11.php?id=1&ch=11

20 Lawrence Liang and Aditya Gupta, *The Public Library Movement in India: Bedrock of Democracy and Freedom* (Public Resource, 2024), 54–55.

21 ਮਲਿਆਲਮ ਭਾਸ਼ਾ ਵਿੱਚ ਗ੍ਰੰਥਾਲਯਮ ਦਾ ਅਰਥ ਹੈ ਲਾਇਬ੍ਰੇਰੀ, ਜਦੋਂ ਕਿ ਵਯਨਸ਼ਾਲਾ ਦਾ ਅਰਥ ਹੈ ਰੀਡਿੰਗ ਰੂਮ। ਕੁਝ ਰੀਡਿੰਗ ਰੂਮ ਇੱਕ ਛੋਟੇ ਕਮਰੇ ਦੇ ਆਕਾਰ ਬਰਾਬਰ ਹਨ, ਜਿਨ੍ਹਾਂ ਵਿੱਚ ਕੁਝ ਅਖ਼ਬਾਰਾਂ ਅਤੇ ਰਸਾਲੇ ਪਰ ਬਹੁਤ ਘੱਟ ਕਿਤਾਬਾਂ ਮਿਲਦੀਆਂ ਹਨ। ਹਾਲਾਂਕਿ, ਕਈ ਵਾਰ ਵਯਨਸ਼ਾਲਾ ਨੂੰ ਲਾਇਬ੍ਰੇਰੀ ਦੇ ਸੰਦਰਭ ਵਿੱਚ ਵੀ ਵਰਤਿਆ ਜਾਂਦਾ ਹੈ। ਇਸ ਸੂਚੀ ਦੀਆਂ ਸਾਰੀਆਂ ਲਾਇਬ੍ਰੇਰੀਆਂ ਵਿੱਚ ਕਿਤਾਬਾਂ ਦੇ ਨਾਲ-ਨਾਲ ਬੈਠਣ ਅਤੇ ਪੜ੍ਹਨ ਦੀ ਜਗ੍ਹਾ ਹੈ, ਜਿਵੇਂ ਕਿ ਕੇਰਲ ਦੀਆਂ ਜ਼ਿਆਦਾਤਰ ਲਾਇਬ੍ਰੇਰੀਆਂ ਵਿੱਚ ਪਾਇਆ ਜਾਂਦਾ ਹੈ। ਬਰੈਕਟਾਂ ਵਿੱਚ ਦਿੱਤੇ ਨਾਮ ਲਾਇਬ੍ਰੇਰੀਆਂ ਦੇ ਅਧਿਕਾਰਤ ਨਾਮ ਹਨ।

22 P. Mohandas and Manu M. R., eds., *People Own Spaces Emergence of Libraries in Kerala* (Kannur: Indian Library Congress, 2024).

23 M. A. Rajeev Kumar, 'Bag Full of Joy and Wisdom', *The New Sunday Express*, 26 June 2022.

24 'Red Books Day Celebrated on Each Continent', Tricontinental: Institute for Social Research, 30 April 2020, https://thetricontinental.org/booklet-red-books-day/.

25 Nitheesh Narayanan, Sudhanva Deshpande, and Vijay Prashad, 'Red Books Day 2024', Peoples Democracy, 3 March 2024, https://peoplesdemocracy.in/2024/0303_pd/red-books-day-2024

26 'Who We Are', International Union of Left Publishers, https://iulp.org/about.

27 'Books', Tricontinental: Institute for Social Research, https://thetricontinental.org/books/ .

28 Georgii Nikolaevich Serebrennikov, The Position of Women in the USSR (London: Victor Gollancz, 1937), 81.

Attribution-NonCommercial 4.0
International (CC BY-NC 4.0)

This publication is issued under a Creative Commons Attribution-NonCommercial 4.0 International (CC BY-NC 4.0) license. The human-readable summary of the license is available at https://creativecommons.org/licenses/by-nc/4.0/.

tricontinental

Tricontinental: Institute for Social Research
*is an international, movement-driven institution focused on stimulating intellectual debate that serves people's aspirations.*
www.thetricontinental.org

Instituto Tricontinental de Investigación Social
*es una institución promovida por los movimientos, dedicada a estimular el debate intelectual al servicio de las aspiraciones del pueblo.*
www.eltricontinental.org

Instituto Tricontinental de Pesquisa Social
*é uma instituição internacional, organizada por movimentos, com foco em estimular o debate intelectual para o serviço das aspirações do povo.*
www.otricontinental.org